Digitized by Arya Samaj Foundation Chennai and eGangotri

84,682

ਦੇਹਧਾਰੀ ਗੁਰੂ ਦੀ

ਲੋੜ

—ਅਰਥਾਤ—

ਮੇਰੇ ਪ੍ਰਸ਼ਨ ਤੇ ਸੁਆਮੀ ਜੀ ਦੇ ਉਤ੍ਰ

CHECKED 1973
Initial

435
6

...ਸ਼ਕ—

...ਸ ਹਕੀਮ ਸਹਿਜਧਾਰੀ ਸਿਖ

(ਹਕੀਕਤ ਨਗਰ ਸਹਾਰਨਪੁਰ)

ਦੂਸਰੀ ਵਾਰ ੧੦੦੦

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय, हरिद्वार
पुस्तकालय

विषय संख्या 435/ध
पुस्तक संख्या
आगत पञ्जिका संख्या 45,658

पुस्तक पर सर्व प्रकार की निशानियां लगाना वर्जित है। कृपया १५ दिन से अधिक समय तक पुस्तक अपने पास न रखें।

435/ध
45,658

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਚਨਾਂ

ਸਰਵ ਮਿਤ੍ਰਾਂ ਨੂੰ ਵਿੱਦਤ ਕੀਤਾ ਜਾਂਦਾ ਹੈ ਕਿ ਹਰੂੰਨਾਂ ਬਾਦ ਰਿਆਸਤ ਬਹਾਵਲ ਪੁਰ ਵਿਚ ਜਦ ਮੇਰੀ ਰਿਹਾਇਸ਼ ਸੀ ਤਾਂ ਸ੍ਰੀ ਸੁਆਮੀ ਸ਼ਿਵਰਾਮ ਦਾਸ ਜੀ ਉਦਾਸੀਨ ਚਕਰਵਰਤੀ ਸੰਨ ਈਸਵੀ ੧੯੪੭ ਵਿਚ ਹਰੂੰਨਾਬਾਦ ਆਏ ਤਾਂ ਮੈਂ ਉਨ੍ਹਾਂ ਅਗੇ ਆਪਣੇ ਮਨ ਨੂੰ ਨਿਰਸੰਸੇ ਕਰਨ ਵਾਸਤੇ ਕੁਛ ਪ੍ਰਸ਼ਨ ਕੀਤੇ ਅਤੇ ਉਨ੍ਹਾਂ ਨੇ ਜੋ ਮੇਰੇ ਪ੍ਰਸ਼ਨਾਂ ਦੇ ਉਤ੍ਰ ਦਿਤੇ, ਉਹ ਬੜੇ ਲਾਭਵੰਦੇ ਤੇ ਦਿਲਚਸਪ ਸਨ, ਮੈਂ ਉਨ੍ਹਾਂ ਨੂੰ ਹਰ ਰੋਜ ਲਿਖਦਾ ਗਿਆ ਫਿਰ ਮੇਰੀ ਇਛਾ ਹੋਈ ਕਿ ਮੈਂ ਆਪਣ ਪ੍ਰਸ਼ਨਾਂ ਅਤੇ ਸੁਆਮੀ ਜੀ ਦੇ ਉਤ੍ਰਾਂ ਨੂੰ ਪ੍ਰਕਾਸ਼ਤ ਕਰਵਾ ਦੇਵਾਂ ਇਸ ਲਈ ਕਿ, ਜਿਵੇਂ ਮੇਰਾ ਮਨ ਨਿਰਸੰਸੇ ਹੋਇਆ ਹੈ, ਤਿਵੇਂ ਹੋਰ ਵੀ ਜਿਨ੍ਹਾਂ ਮੇਰੇ ਸਹਿਜ ਧਾਰੀ ਭਰਾਵਾਂ ਨੂੰ ਇਹ ਸੰਸੇ ਹੋਣ ਉਹ ਵੀ ਇਹ ਪੜ੍ਹਕੇ ਸੰਸੇ ਦੂਰ ਕਰ ਸਕਣ, ਪ੍ਰੰਤੂ ਉਨ੍ਹਾਂ ਹੀ ਦਿਨਾਂ ਵਿਚ ਸਾਡਾ ਦੇਸ ਪਾਕਸਤਾਨ ਬਣ ਗਿਆ ਅਦਲਾ ਬਦਲੀ ਹੋਈ ਫਿਰ ਕਿਤੇ ਪੈਰ ਹੀ ਨਾ ਲਗੇ, ਪਰ ਇਹ ਪ੍ਰਸ਼ਨ ਉਤਰ ਛਾਪਣ ਦੀ ਮੇਰੇ ਮਨ ਵਿਚ ਉਮੰਗ ਰਹੀ। ਮਾਇਆ ਦੀ ਥੁੜੋਂ ਆਦਿਕ ਕਈ ਕਾਰਨਾਂ ਕਰਕੇ ਹਿੰਦੁਸਤਾਨ ਵਿਚ ਆਕੇ ਵੀ ਛਾਪ ਨਾ ਸਕਿਆ, ਹੁਣ ਈਸ਼ਵਰ ਦੀ ਕ੍ਰਿਪਾ ਸੇ ਉਹ ਪਾਕਸਤਾਨ ਵਿਚ ਹੋਇ ਪ੍ਰਸ਼ਨ ਉੱਤਰ, (ਜੋ ਮੇਰੇ ਪਾਸ ਲਿਖੇ ਹੋਇ ਸੀ ਬਚਕੇ ਆ ਗਏ ਸਨ) ਇਸ ਪੁਸਤਕ ਦੇ ਰੂਪ ਵਿਚ ਛਾਪਕੇ ਆਪਣੇ ਗੁਣ ਗ੍ਰਾਹਕ ਭਰਾਵਾਂ ਦੀ ਭੇਟ ਕਰਦਾ ਹਾਂ ਤਾਂਕਿ ਉਹ ਪੜ੍ਹਕੇ ਲਾਭ ਉਠਾਉਣ।

ਆਪਦਾ ਹਿਤੈਸ਼ੀ--

ਲਛਮਨ ਦਾਸ ਹਕੀਮ ਸਹਿਜ ਧਾਰੀ ਸਿੱਖ

स्टाक प्रमाणीकरण १९८४-१९८५

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਗਲ !

ਪ੍ਰਮੇਸ਼ਰ ਪੂਰਨ ਸਕਲ ਸਰਬ ਕਲਾ ਭਰਪੂਰ,
ਅਨਿਕ ਬਾਰ ਮਮ ਬੰਦਨਾਂ ਕਰਹੁ ਪ੍ਰਭੂ ਮਨਜ਼ੂਰ,
ਗੁਰ ਨਾਨਕ ਪਗ ਬੰਦਨਾਂ ਕਰੂੰ ਮੈਂ ਬਾਰੰਬਾਰ,
ਗੁਰ ਅੰਗਦ ਗੁਰ ਅਮਰਦਾਸ ਤਿਨ ਪਗ ਹੋਇ ਜੁਹਾਰ,
ਗੁਰ ਰਾਮਦਾਸ ਅਰਜਨ ਗੁਰੂ, ਹਰਿ ਗੋਬਿੰਦ ਗੁਰ
ਧਿਆਏ, ਗੁਰੂ ਹਰਿਰਾਏ ਕੋ ਨਮੋ, ਗੁਰੂ ਹਰਿ ਕ੍ਰਿਸ਼ਨ
ਮਨਾਏ, ਗੁਰੂ ਤੇਗ ਬਹਾਦਰ ਦਸਮ ਗੁਰ, ਨਮੋ
ਸੁ ਹਿਤ ਚਿਤ ਲਾਇ, ਪੂਰਨ ਕਰਹੁ ਗ੍ਰੰਥ ਮਮ
ਸਤਿਗੁਰ ਹੋਹੁ ਸਹਾਇ, ਨਹਿ ਵਿਦਿਆ ਮਮ
ਤੁਛ ਮਤੀ ਸੇਵਕ ਲਛਮਨ ਦਾਸ, ਗੁਰ ਚਰਨਨ ਕੀ
ਟੇਕ ਧਰ ਕਰ ਹੌਂ ਗ੍ਰੰਥ ਪ੍ਰਕਾਸ਼,

ਲਛਮਨ ਦਾਸ ਹਕੀਮ ਸਹਿਜ ਧਾਰੀ ਸਿੱਖ,
ਕਵਾਟਰ ਨੰਬਰ ੨੯ 'ਕੇ. ਬੁਲਾਕ' ਤਿਲਕ ਨਗਰ
ਸਹਾਰਨ ਪੁਰ, (ਯੂ. ਪੀ.)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਪ੍ਰਸ਼ਨ ਤੇ ਸੁਵਾਮੀ ਜੀ ਦੇ ਉਤ੍ਰ

ਹਕੀਮ–ਮਨੁਸ਼ ਨੂੰ ਆਪਣੀ ਕੱਲਿਆਨ ਵਾਸਤੇ ਗੁਰੂ ਦੀ ਲੋੜ ਹੈ ਕਿ ਨਹੀਂ ?

ਸੁਵਾਮੀ ਜੀ—ਪੂਰਨ ਗੁਰੂ ਦੀ ਜਰੂਰਤ ਹੈ, ਕਿਉਂਕਿ ਬਿਨਾਂ ਪੂਰਨ ਗੁਰੂ ਦੇ ਗਿਆਨ ਪ੍ਰਾਪਤ ਨਹੀਂ ਹੋ ਸਕਦਾ, ਅਤੇ ਗਿਆਨ ਬਿਨਾਂ ਅਗਿਆਨ ਦੂਰ ਨਹੀਂ ਹੋ ਸਕਦਾ, ਜਦ ਤਕ ਅਗਿਆਨ ਹੈ ਤਦ ਤਕ ਕਲਿਆਨ ਨਹੀਂ ।

ਹਕੀਮ–ਪੂਰਨ ਗੁਰੂ ਦੇ ਕਿਆ ਲਖਸ਼ਨ ਹਨ ।

ਸੁਵਾਮੀ ਜੀ—ਵੇਦ ਅਰਥ ਕੂੰ ਭਲੇ ਪਛਾਨੈ,
ਆਤਮ ਬ੍ਰਹਮ ਰੂਪ ਇਕ ਜਾਨੈ,
ਭੇਦ ਪੰਚ ਕੀ ਬੁਧੀ ਨਸਾਵੈ,
ਅਦਵੈ ਅਮਲ ਬ੍ਰਹਮ ਦਰਸਾਵੈ,
ਭਵ ਮਿਥਿਆ ਮ੍ਰਿਗ ਤ੍ਰਿਖਾ ਸਮਾਨਾ,
ਅਨੁਲਵ ਇਮ ਭਾਖਤ ਨਹਿ ਆਨਾ,
ਸੋ ਗੁਰੂ ਦੇ ਅਦਭੁਤ ਉਪਦੇਸ਼ਾ,
ਛੇਦਕ ਸ਼ਿਖਾ ਨਾ ਲੁੰਚਿਤ ਕੇਸ਼ਾ,
(ਵਿਚਾਰ ਸਾਗਰ ਤਰੰਗ ੩)

ਹਕੀਮ–ਗੁਰੂ ਦਾ ਦਰਜਾ ਕਿਆ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਵਾਮੀ ਜੀ—ਧਯਾਨ ਮੂਲੰ ਗੁਰੋਰ ਮੂਰਤੀ ਪੂਜਾ ਮੂਲੰ ਗੁਰੋ ਪਦਮ. ਮੰਤ੍ਰ ਮੂਲੰ ਗੁਵੋਰ ਵਾਕਯੰ ਮੁਕਤਿ ਮੂਲੰ ਗੁਰੋ ਕ੍ਰਿਪਾ: ਅਨੁਸਾਰ ਈਸ਼ਵਰੀ ਹੀ ਦਰਜਾ ਹੈ।

ਹਕੀਮ-ਮੈਂ ਦਸਾਂ ਗੁਰੂ ਸਾਹਿਬਾਂ ਨੂੰ ਮੰਨਣ ਵਾਲਾ ਹਾਂ. ਇਸ ਲਈ ਗੁਰੂ ਘਰ ਵਿਚੋਂ ਕੋਈ ਪਰਮਾਣ ਪਰਗਟ ਕਰੋ, ਤਾਂ ਮੇਰੀ ਤਸੱਲੀ ਹੋਵੇਗੀ।

ਸੁਵਾਮੀ ਜੀ—ਗੁਰ ਪ੍ਰਮੇਸੁਰ ਏਕੋ ਜਾਨ। [ਗੋਂਡ ਮ: ੫]
ਅਤੇ, ਜੋ ਚਿਤੁ ਲਾਇ ਪੂਜੇ ਗੁਰ ਮੂਰਤਿ
ਸੋ ਮਨ ਇਛੇ ਫਲ ਪਾਵੈ। ਗੌੜੀ ਕੀ ਵਾਰ ਮ: ੪
ਗੁਰੂ ਘਰ ਵਿਚੋਂ ਵੀ ਪ੍ਰਮਾਣ ਮਿਲ ਸਕਦੇ ਹਨ।

ਹਕੀਮ-ਗੁਰੂ ਬਿਨਾਂ ਮੁਕਤੀ (ਕਲਿਆਨ) ਨਹੀਂ ਹੋਣ ਵਿਚ ਕੋਈ ਗੁਰੂ ਘਰ ਵਿਚੋਂ ਪ੍ਰਮਾਣ ਮਿਲ ਸਕਦਾ ਹੈ ਕਿ ਨਹੀਂ।

ਸੁਵਾਮੀ ਜੀ—ਮਿਲ ਸਕਦਾ ਹੈ, 'ਮਤਿ ਕੋ ਭਰਮ ਭੁਲੈ ਸੰਸਾਰ ।। ਗੁਰ ਬਿਨ ਕੋਇ ਨ ਉਤਰਸਿ ਪਾਰ ।। ਕਹੁ ਨਾਨਕ ਪ੍ਰਭਿ ਇਹੈ ਜਨਾਈ। ਬਿਨੁਗੁਰਮੁਕਤਿ ਨ ਪਾਈਐਭਾਈ।
[ਗੋਂਡ ਮ: ੫)
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ ।
[ਆਸਾ ਦੀ ਵਾਰ ਮ: ੨

ਹਕੀਮ-ਸ੍ਰੀ ਦਸਮੇਸ਼ ਜੀ ਦਾ ਹੁਕਮ ਹੈ ਕਿ,

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ ।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ।
ਜਾਂਕਾ ਹਿਰਦਾ ਸ਼ੁਧ ਹੈ ਖੋਜ ਸ਼ਬਦ ਮਹਿ ਲੇਹ ।

ਇਸ ਵਾਕ ਅਨੁਸਾਰ ਇਹ ਸਿਧ ਹੁੰਦਾ ਹੈ ਕਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ 'ਗੁਰੂ' ਹਨ, ਕੋਈ ਹੋਰ ਮਨੁਸ਼, ਮੰਤ ਜਾਂ ਵਿਅਕਤੀ ਨਹੀਂ ਹੋ ਸਕਦੇ ।

ਸੁਵਾਮੀ ਜੀ—ਹਰ ਇਕ ਮਤ ਵਿਚ ਦੋ ਕਿਸਮ ਦੇ ਪਰਮਾਣ ਹੁੰਦੇ ਹਨ, ਇਕ ਸ੍ਵਤਾ, ਦੂਜਾ ਪ੍ਰਤਾ, ਜੋ ਸ੍ਵਤਾ ਪਰਮਾਣ ਹੋਵੇ, ਉਸ ਉਤੇ ਉਸ ਮਤ ਅਵਲੰਬੀਆਂ ਨੂੰ ਕੋਈ ਸ਼ੰਕਾ ਨਹੀਂ ਹੁੰਦੀ ਕਿਉਂਕਿ ਉਹ ਸ੍ਵਤਾ ਪ੍ਰਮਾਣ ਨੂੰ ਬਿਨਾਂ ਕਿਸੇ ਸੰਸੇ ਤੋਂ ਯਥਾਰਥ ਮੰਨਦੇ ਹਨ ਅੋਰ ਜੋ ਪ੍ਰਤਾ ਪ੍ਰਮਾਣ ਹੁੰਦਾ ਹੈ ਉਸਨੂੰ ਸੰਸੇ ਯੁਕਤ ਮੰਨਦੇ ਹਨ । ਜਿਥੇ ਉਸ ਵਿਚ ਸੰਸਾ ਪੈਦਾ ਹੋ ਜਾਵੇ, ਉਥੇ ਉਸਨੂੰ ਨਿਰਸੰਸੇ ਕਰਨ ਵਾਸਤੇ ਸ੍ਵਤਾ ਪਰਮਾਣ ਵਿਚੋਂ ਸਹਾਇਤਾ ਲੈਂਦੇ ਹਨ ਤਾਂਤੇ ਆਪ ਨੇ ਜੋ ਉਪ੍ਰੋਕਤ, ਆਗਿਆ ਭਈ ਅਕਾਲ ਕੀ, ਆਦਿਕ ਪਰਮਾਣ ਪਰਗਟ ਕੀਤਾ ਹੈ, ਇਹ ਸ੍ਵਤਾ ਨਹੀਂ ਕਿਉਂਕਿ ਗੁਰੂ ਘਰ ਵਿਚ ਸ੍ਵਤਾ ਪ੍ਰਮਾਣ ਉਹ ਮੰਨਿਆ ਜਾਂਦਾ ਹੈ ਜੋ ਦਸਾਂ ਗੁਰੂ ਸਾਹਿਬਾਂ ਵਿਚੋਂ ਕਿਸੇ ਗੁਰੂ ਜੀ ਦਾ ਸ੍ਰੀ ਮੁਖਵਾਕ ਹੋਵੇ, ਇਹ ਉਪ੍ਰੋਕਤ ਵਾਕ ਸ੍ਰੀ ਦਸਮੇਸ਼ ਜੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਮੁਖ ਵਾਕ ਬਾਣੀ ਵਿਚ ਕਿਤੇ ਨਹੀਂ ਮਿਲਦਾ, ਇਸ ਲਈ ਇਹ ਸੰਸੇ ਜੁਗਤ ਹੈ। 'ਕਿਸੇ ਕਵੀ ਦਾ ਵਾਕ ਹੈ।'

ਹਕੀਮ—ਕਿਸੇ ਕਵੀ ਦਾ ਵਾਕ ਨਹੀਂ ਖੁਦ ਗੁਰੂ ਜੀ ਨੇ ਰਹਿਤ ਨਾਮੇਂ, ਭਾਈ ਪ੍ਰਹਿਲਾਦ ਸਿੰਘ ਵਾਲੇ ਵਿਚ ਲਿਖਿਆ ਹੋਇਆ ਹੈ ਕਿ-'ਅਕਾਲ ਪੁਰਖ ਕੇ ਬਚਨ ਸਿਉ ਪਰਗਟ ਚਲਾਇਉ ਪੰਥ॥ ਸਭ ਸਿਖਨ ਕੋ ਬਚਨ ਹੈ ਗੁਰੂ ਮਾਨਯੋ ਗ੍ਰੰਥ।'

ਸੁਵਾਮੀ ਜੀ—ਰਹਿਤ ਨਾਮੇ ਸ੍ਰੀ ਦਸਮੇਸ਼ ਜੀ ਦੀ ਖੁਦ ਰਚਨਾ ਸਾਬਤ ਨਹੀਂ ਹੁੰਦੀ ਕਿਉਂਕਿ ਰਹਿਤ ਨਾਮੇ ਸ੍ਰੀ ਦਸਮੇਸ਼ ਜੀ ਦੀ ਬਾਣੀ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਨਹੀਂ ਹਨ, ਬਲਕਿ ਉਹ ਭਾਈ ਪ੍ਰਹਿਲਾਦ ਸਿੰਘ, ਭਾਈ ਚੌਪਾ ਸਿੰਘ, ਭਾਈ ਦਯਾ ਸਿੰਘ ਆਦਿਕ ਨਾਮਾਂ ਨਾਲ ਪੁਕਾਰੇ ਜਾਂਦੇ ਹਨ ਇਸ ਲਈ ਉਹ ਉਹਨਾਂ ਹੀ ਕਵੀਆਂ ਦੀ ਬਾਣੀ ਮੰਨੀ ਜਾ ਸਕਦੀ ਹੈ। ਔਰ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਨਰੋਤਮ ਜੀ ਦੇ ਲਿਖੇ "ਗੁਰਮਤ ਨਿਰਣੈ ਸਾਗਰ" ਦੇ ਪਰੀਖਿਆ ਪਰਕਰਨ ਸਫਾ ੫੯੭ ਤੇ ਲਿਖਿਆ ਹੈ ਕਿ, 'ਰਹਿਤ ਨਾਵੇਂ' ਆਦਿਕ ਗੁਰੂ ਕੇ ਬਨਾਏ ਹੂਏ ਨਹੀਂ। ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਭਾਈ ਜੋਧ ਸਿੰਘ ਜੀ, ਐਮ. ਏ. ਨੇ ਵੀ ਆਪਣੇ 'ਗੁਰਮਤ ਨਿਰਣਯ' ਦੇ ਸਫਾ ੨੫੯ ਦੀ ਟਿਪਣੀ ਵਿਚ ਲਿਖਿਆ ਹੈ ਕਿ, ਰਹਿਤ ਨਾਮਿਆਂ ਬਾਬਤ ਅਜੇ ਬਹੁਤ ਸਾਰੀ ਖੋਜ ਦੀ ਲੋੜ ਹੈ, ਇਹ ਮੈਂ ਸਹੀ ਨਹੀਂ ਕਰ ਸਕਿਆ ਕਿ ਕੇਹੜੇ ਕੇਹੜੇ ਰਹਿਤ ਨਾਮੇਂ ਸ੍ਰੀ ਮੁਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਕ ਹਨ, ਇਸ ਲਈ ਇਨ੍ਹਾਂ ਰਹਿਤ ਨਾਮਿਆਂ ਬਾਬਤ ਅਜੇ ਧਾਰਮਿਕ, ਪ੍ਰੋਫੈਸਰ, ਵਿਦਿਵਾਨ ਵੀ ਜਦ ਲਿਖ ਰਹੇ ਹਨ ਕਿ ਬਹੁਤ ਸਾਰੀ ਖੋਜ ਦੀ ਲੋੜ ਹੈ ਇਹ ਨਿਸਚੇ ਨਹੀਂ ਕੀਤੇ ਜਾ ਸਕਦੇ ਕਿ ਕੇਹੜੇ ਕੇਹੜੇ ਰਹਿਤ ਨਾਮੇਂ ਸ੍ਰੀ ਮੁਖ ਵਾਕ ਹਨ ਭਾਵ ਖੁਦ ਗੁਰੂ ਜੀ ਦੀ ਉਚਰੀ ਹੋਈ ਬਾਣੀ ਹਨ, ਤਾਂਤੇ ਰਹਿਤ ਨਾਮੇਂ, ਸ੍ਵਤਾ ਪਰਮਾਣ ਨਹੀਂ ਮੰਨੇ ਜਾ ਸਕਦੇ, ਬਲਕਿ ਇਸ ਭਾਈ ਪ੍ਰਹਿਲਾਦ ਸਿੰਘ ਵਾਲੇ ਰਹਿਤ ਨਾਮੇਂ ਦੀ ਸ੍ਰੀ ਮੁਖ ਵਾਕ ਹੋਣ ਦੀ ਸਚਾਈ ਇਸੇ ਵਿਚੋਂ ਹੀ ਕੱਢੀ ਪੈ ਜਾਂਦੀ ਹੈ, ਕਿਉਂਕਿ ਇਸ ਦੇ ਸ਼ੁਰੂ ਵਿਚ ਲਿਖਿਆ ਹੈ ਕਿ, 'ਅਬਚਲ ਨਗਰ ਬੈਠੇ ਗੁਰੂ ਮਨ ਮੇਂ ਕੀਆ ਵਿਚਾਰ, ਬੋਲਿਆ ਸਚਾ ਸਤਿਗੁਰੂ ਮੂਰਤਿ ਸ੍ਰੀ ਕਰਤਾਰ' ਹੁਕਮ ਹੋਇਆ ਪ੍ਰਹਿਲਾਦ ਸਿੰਘ 'ਬਿਪ ਜਾਤਿ ਹੰਸ ਰਾਇ, ਨਿਕਟ ਬੁਲਾਇਆ ਗੁਰੂ ਜੀ ਲੀਨੋ ਕੰਠ ਲਗਾਇ' 'ਪੰਥ ਚਲਿਓ ਹੈ ਜਗਤ ਮੇਂ ਗੁਰ ਨਾਨਕ ਪ੍ਰਸਾਦਿ, ਰਹਿਤ ਬਤਾਈਐ ਖਾਲਸੇ ਸੁਣੋ ਸਿੰਘ ਪ੍ਰਹਿਲਾਦ।' ਇਸ ਲੇਖ ਤੋਂ ਸਾਬਤ ਹੁੰਦਾ ਹੈ ਕਿ ਅਬਚਲ (ਨਦੇੜ) ਵਿਚ ਬੈਠੇ ਹੋਇਆਂ ਗੁਰੂ ਜੀ ਨੇ ਇਹ ਰਹਿਤ ਨਾਮਾ ਭਾਈ ਪ੍ਰਹਿਲਾਦ ਸਿੰਘ ਜੀ ਨੂੰ ਸੁਣਾਇਆ ਹੈ ਅਤੇ ਇਸੇ ਰਹਿਤ ਨਾਮੇਂ ਵਿਚ ਅਗੇ ਜਾਕੇ ਲਿਖਿਆ ਹੈ ਕਿ 'ਸੰਬਤ ਸਤ੍ਰਹ ਸੈ ਭਏ ਬਰਸ ਬਵੰਜਾ ਨਿਹਾਰ, ਮਾਘ ਵਦੀ ਥਿਤ ਪੰਚਵੀ ਵੀਰ ਵਾਰ ਸੁਭ ਵਾਰ' ਇਸ ਤੋਂ ਸਾਬਤ ਹੋਇਆ ਉਸ ਵਕਤ ਸੰਮਤ ੧੭੫੨ ਸੀ, ਕਿੰਤੂ ਇਤਿਹਾਸ ਵਿਚ ੧੭੫੨ ਵਿਚ ਸ੍ਰੀ ਦਸਮੇਸ਼ ਜੀ ਨਦੇੜ ਨਹੀਂ ਪਹੁੰਚੇ ਤੇ ਨਾਂ ਹੀ ਖਾਲਸਾ ਪੰਥ ਦੀ ਸਾਜਨਾਂ ਹੋਈ ਹੈ ਭਾਵੇਂ ਪਹਿਲੇ ਪੰਜ ਪਿਆਰੇ ਸਾਜਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਂ ਅਜ ਕਲ ੧੭੫੬ ਦਸਿਆ ਜਾਂਦਾ ਹੈ, ਤਾਂ ਚਾਰ ਸਾਲ ਪਹਿਲੇ ਹੀ ਖਾਲਸੇ ਦੀ ਰਹਿਤ ਭਾਈ ਪ੍ਰਹਿਲਾਦ ਸਿੰਘ ਜੀ ਨੂੰ ਸੁਣਾਈ ਨਹੀਂ ਮੰਨੀ ਜਾ ਸਕਦੀ ਅਤੇ ਇਤਿਹਾਸ ਵਿਚ ਸ੍ਰੀ ਦਸਮੇਸ਼ ਜੀ ਦਾ ਨੰਦੇੜ ਪਹੁੰਚਨਾ ੧੭੬੩ ਤੋਂ ਪਹਿਲੇ ਨਹੀਂ ਬਣਦਾ ਔਰ ਇਸੇ ਰਹਿਤ ਨਾਮੇਂ ਦੇ ਅਖੀਰ ਵਿਚ ਲਿਖਿਆ ਹੈ ਕਿ--'ਗੁਰਮੁਖ ਸਿੰਘ ਆਗਿਆ ਮੁਹਿ ਦੀਨੀ, ਰਹਿਤ ਨਾਮਾ ਤੁਮ ਲਿਖੋ ਨਵੀਨੀ' ਇਸ ਲੇਖ ਤੋਂ ਸਾਬਤ ਹੁੰਦਾ ਹੈ ਕਿ ਇਹ ਰਹਿਤ ਨਾਮਾਂ, ਕਿਸੇ ਗੁਰਮੁਖ ਸਿੰਘ ਨਾਮੀ ਸਿਖ ਦੀ ਆਗਿਆ ਨਾਲ ਨਵਾਂ ਹੀ ਲਿਖਿਆ ਗਿਆ ਹੈ। ਸ੍ਰੀ ਦਸਮੇਸ਼ ਜੀ ਦੀ ਆਗਿਆ ਨਾਲ ਭਾਈ ਪ੍ਰਹਿਲਾਦ ਸਿੰਘ ਜੀ ਨੇ ਨਹੀਂ ਲਿਖਿਆ, ਜੇ ਸ੍ਰੀ ਦਸਮੇਸ਼ ਜੀ ਦੀ ਆਗਿਆ ਨਾਲ ਹੀ ਲਿਖਿਆ ਗਿਆ ਹੁੰਦਾ ਤਾਂ ਇਹ ਲਿਖਣ ਦੀ ਕੀ ਲੋੜ ਸੀ ਕਿ--'ਗੁਰਮੁਖ ਸਿੰਘ ਆਗਿਆ ਮੁਹਿ ਦੀਨੀ'............ ਇਤਿਆਦਿਕ ਖੋਜ ਤੋਂ ਪਤਾ ਲਗਦਾ ਹੈ ਕਿ ਇਹ ਰਹਿਤ ਨਾਮਾਂ, ਸ੍ਰੀ ਗੁਰੂ ਜੀ ਦੀ ਖੁਦ ਰਚਨਾਂ ਨਹੀਂ, ਜਦ ਨਹੀਂ ਤਾਂ ਸੁਤਾ ਪਰਮਾਣ ਨਹੀਂ, ਇਸ ਲਈ ਇਸਦੀ ਸਹਾਇਤਾ ਲਈ ਕਿਸੇ ਸ੍ਰੀ ਮੁਖ ਵਾਕ ਦੀ ਜਰੂਰਤ ਹੈ।

ਹਕੀਮ—ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ
ਅੰਮ੍ਰਿਤ ਸਾਰੇ ॥ ਗੁਰਬਾਣੀ ਕਹੈ ਸੇਵਕ ਜਨੁ ਮਾਨੈ
ਪ੍ਰਤਖਿ ਗੁਰੂ ਨਿਸਤਾਰੇ। (ਨਟ ਮ: ੪)

ਇਹ ਪਰਮਾਣ ਸ੍ਰੀ ਮੁਖ ਵਾਕ ਹੈ ਇਸ ਵਿਚ ਵੀ ਬਾਣੀ ਨੂੰ ਹੀ ਗੁਰੂ ਕਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੇ ਗੁਰੂ ਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹਨ।

ਸੁਵਾਮੀ ਜੀ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਸ੍ਰੀ ਮੁਖਵਾਕ ਬਾਣੀ, ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਹੈ, ਇਸ ਪਰਮਾਣ ਨਾਲ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ, ਗੁਰਤਾ ਸਿਧ ਹੋ ਸਕੇਗੀ। ਕੇਵਲ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਵਿਚ ਹੀ ਨਹੀਂ, ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਬਾਣੀ ਦਸਾਂ ਹੀ ਗੁਰੂ ਸਾਹਿਬਾਂ ਦੀ ਨਹੀਂ, ਨਾਲ ਭਗਤਾਂ ਅਤੇ ਭਟਾਂ ਦੀ ਵੀ ਹੈ, ਭਟ, ਅਤੇ ਭਗਤ, ਗੁਰੂ ਨਹੀਂ, ਸਿਰਫ ਭਗਤ ਹਨ ਇਸ ਲਈ ਉਨ੍ਹਾਂ ਦੀ ਬਾਣੀ ਵਿਚੋ ਗੁਰੂ ਨਹੀਂ ਹੋ ਸਕੇਗੀ। ਬਾਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਦਸਾਂ ਹੀ ਗੁਰੂ ਸਾਹਿਬਾਂ ਦੀ ਨਹੀਂ ੬ ਗੁਰੂ ਸਾਹਿਬਾਂ ਦੀ ਸਿਧ ਹੁੰਦੀ ਹੈ ਕਿਉਂਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ (ਮ: ੬) (ਮ: ੭) (ਮ: ੮) (ਮ: ੧੦) ਕਿਤੇ ਨਹੀਂ ਲਿਖਿਆ ਤਾਂਤੇ ਇਹਨਾਂ ਗੁਰੂ ਸਾਹਿਬਾਂ ਦੀ ਬਾਣੀ ਵੀ ਵਿਚ ਸਾਬਤ ਨਹੀਂ ਹੋ ਸਕਦੀ ਜੇ ਨਹੀਂ ਹੋ ਸਕਦੀ ਤਾਂ ਦਸਾਂ ਗੁਰੂ ਸਾਹਿਬਾਂ ਦੀ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਕਹਿਣਾ ਮੁਸ਼ਕਲ ਹੈ. ਇਸ ਲਈ ਦਸਾਂ ਹੀ ਸ੍ਰੀ ਗੁਰੂ ਸਾਹਿਬਾਂ ਦੀ (ਸ੍ਰੀ ਮੁਖਵਾਕ) ਬਾਣੀ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹਨ ਨਹੀਂ ਮੰਨੇ ਜਾ ਸਕਣਗੇ।

ਹਕੀਮ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਚਾਹੇ ਭਟਾਂ ਅਤੇ ਭਗਤਾਂ ਦੀ ਹੈ, ਚਾਹੇ ੬ ਗੁਰੂ ਸਾਹਿਬਾਂ ਦੀ ਹੈ। ਪਰੰਤੂ ਸ੍ਰੀ ਦਸਮੇਸ਼ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਸ੍ਰੀ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ੍ਰੰਥ ਸਾਹਿਬ ਜੀ ਅਗੇ ਪੰਜ ਪੈਸੇ ਅਤੇ ਇਕ ਨਾਟਯਲ ਰਖਕੇ ਮਥਾ ਟੇਕ ਕੇ ਗੁਰਿਆਈ ਦੇ ਦਿਤੀ ਸੀ। ਇਸ ਲਈ ਸਾਰੀ ਹੀ ਭਟਾਂ ਅਤੇ ਭਗਤਾਂ ਦੀ ਬਾਣੀ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਹੈ।

ਸੁਵਾਮੀ ਜੀ—ਸ੍ਰੀ ਦਸਮੇਸ਼ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੀ ਇਹ ਕਿਸੇ ਪੱਕੇ ਪਰਮਾਣੀਕ ਇਤਿਹਾਸ ਵਿਚ ਨਹੀਂ ਮਿਲਦੀ ਬਲਕਿ. "ਗੁਰੂ ਪਦ ਪ੍ਰਕਾਸ਼" ਹਿਸਾ ੩ ਸਫਾ ੯੦ ਵਿਚ ਨਾਮਧਾਰੀ ਲੇਖਕ ਜੀ ਲਿਖ ਰਹੇ ਹਨ ਕਿ, ਇਹ ਗਲ ਡੰਕੇ ਦੀ ਚੋਟ ਨਾਲ ਕਹੀ ਜਾ ਸਕਦੀ ਹੈ ਕਿ, ਦਸਵੇਂ ਪਾਤਸ਼ਾਹ ਨੇ ਕਿਸੇ ਗ੍ਰੰਥ ਨੂੰ ਗੁਰਿਆਈ ਨਹੀਂ ਦਿਤੀ। ਅਤੇ ਉਪ੍ਰੋਕਤ ਨਾਮਧਾਰੀ ਸ੍ਰੀ 'ਆਲਿਮ' ਜੀ ਨੇ ਗੁਰੂ ਪਦ ਪਰਕਾਸ਼ ਹਿਸਾ ੨ ਭੂਮਕਾ ਵਿਚ ਲਿਖਿਆ ਹੈ ਕਿ, ੧੧ਵੀਂ ਵਾਰ ਦੇ ਟੀਕਾ ਕਾਰ ਸ੍ਰੀ ਮਾਨ ਭਾਈ ਸਾਹਿਬ ਭਾਈ ਮਨੀ ਸਿੰਘ ਜੀ 'ਸ਼ਹੀਦ' ਆਪਣੀ ਰਚਿਤ ਪੁਸਤਕ, ਸਿਖ ਭਗਤ ਮਾਲ, ਵਿਚ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਹੀਂ ਲਿਖਿਆ............ਭਾਈ ਸਾਹਿਬ ਜੀ ਨੇ ਕੇਵਲ, ਗ੍ਰੰਥ, ਜਾਂ ਗ੍ਰਿੰਥ, ਕਰਕੇ ਹੀ ਲਿਖਿਆ ਹੈ। ਔਰ ਗੁਰੂ ਪਦ ਪ੍ਰਕਾਸ਼, ਹਿਸਾ ੨ ਵਿਚ ਹੀ ਸਫਾ ਭੂਮਕਾ (ਙ) ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਲੇਖ ਦਰਸਾਇਆ ਹੈ ਕਿ, ਇਕ ਬੜਾ ਤਾਲ ਜਿਸਦੇ ਗਭੇ ਸੋਨੇ ਦਾ ਮੰਦਰ ਹੈ ਉਥੇ ਜਾਕੇ ਕੜਾਹ ਪ੍ਰਸ਼ਾਦਿ ਰਖ ਦਿਤਾ ਅਗੋਂ ਉਥੇ ਇਕ ਪਵਿਤਰ ਪੁਸਤਕ, ਬੜੇ ਸੋਹਣੇ ਰੁਮਾਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਸਜਿਆ ਹੋਇਆ ਸੀ, ਇਕ ਪਵਿਤ੍ਰ ਜੀਵਨ ਪੰਨਾ ੧੫੪ ਤਾਂਤੇ ਜੇਕਰ ਸ੍ਰੀ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੀ ਹੋਈ ਹੁੰਦੀ ਤਾਂ ਉਪ੍ਰੋਕਤ ਲੇਖ ਵਿਚ ਭਾਈ ਸਾਹਿਬ ਭਾਈ ਮਨੀ ਸਿੰਘ ਜੀ, ਕਦੀ ਵੀ ਕੇਵਲ. ਗ੍ਰੰਥ ਨਾਂ ਲਿਖਦੇ, ਕਿੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰਕੇ ਹੀ ਲਿਖਦੇ ਔਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਜੋ ਪੰਥ ਵਿਚ ਭਾਰੀ ਵਿਦਵਾਨ ਮੰਨੇ ਜਾ ਰਹੇ ਹਨ ਉਹ ਵੀ ਕਦੀ ਪਵਿਤ੍ਰ ਪੁਸਤਕ, ਹੀ ਲਿਖਨ ਦਾ ਹੌਸਲਾ ਨਾ ਕਰਦੇ। ਤਥਾ--ਜੇਕਰ ਕਿਸੇ ਅਜ ਕਲ ਦੇ ਲਿਖੇ ਪਰਸੰਗ ਵਿਚ ਗੁਰਿਆਈ ਦਿਤੀ ਲਿਖੀ ਹੋਵੇ ਵੀ ਤਾਂ ਵੀ ਫਿਰ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ, ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੇਹੜੀ ਬੀੜ ਸ੍ਰੀ ਦਸਮੇਸ਼ ਜੀ ਕੋਲ ਮੌਦੂਦ ਸੀ ਜਿਸਨੂੰ ਪੰਜ ਪੈਸੇ ਅਗੇ ਰਖਕੇ ਮਥਾ ਟੇਕ ਕੇ ਗੁਰਿਆਈ ਦਿਤੀ, ਕਿਉਂਕਿ ਬੀੜਾਂ ਦੇ ਭੇਦ ਬਹੁਤ ਹਨ। ਸ੍ਰੀ ਮਾਨ ਗਿਆਨੀ ਜੀ. ਬੀ. ਸਿੰਘ ਜੀ ਨੇ ਹੀ ਆਪਣੇ ਰਚੇ, ਪਰਾਚੀਨ ਬੀੜਾਂ, ਨਾਮੀ ਪੁਸਤਕ ਵਿਚ ਬੀੜਾਂ ਦੇ ੩੯ ਭੇਦ ਦਿਖਾਏ ਹਨ। ਅਤੇ ਗਿਆਨੀ ਅਬਾਦਉਲਾ ਨੇ ਵੀ ਆਪਣੇ ਲਿਖੇ, ਮੇਰੀਆਂ ਪੁਛਾਂ ਤੇ ਭਾਈ ਸੇਵਾ ਸਿੰਘ ਜੀ ਦੇ ਉਤਰ, ਨਾਮੀ ਪੁਸਤਕ ਵਿਚ ਕੁਛ ਭੇਦ ਦਰਸਾਇ ਹੋਏ ਹਨ, ਬਾਕੀ ਤਿੰਨ ਚਾਰ ਭੇਦ, ਕਰਤਾਰ ਪੁਰੀ, ਭਾਈ ਬੰਨੋ ਵਾਲੀ. ਦਮਦਮੀ, ਆਦਕ ਸਾਰੇ ਗਿਆਨੀ ਹੀ ਲਿਖਦੇ ਹਨ।

ਹਕੀਮ—ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੇਂ ਸ੍ਰੀ ਦਸਮੇਸ਼ ਜੀ ਕੋਲ ਦਮਦਮੀ ਬੀੜ ਮੌਜੂਦ ਸੀ।

ਸੁਵਾਮੀ ਜੀ...ਇਹ ਗਲ ਵੀ ਕਿਸੇ ਇਤਿਹਾਸ ਵਿਚ ਨਹੀਂ ਲਿਖੀ, ਕੇਵਲ ਆਪ ਜੀ ਦਾ ਹੀ ਕਿਆਸ ਹੈ, ਜੇ ਕਿਸੇ ਅਜ ਕਲ ਦੇ ਇਤਿਹਾਸ ਕਾਰ ਨੇ ਲਿਖ ਵੀ ਦਿਤੀ ਹੋਵੇ ਤਾਂ ਵੀ ਦਸਾਂ ਰੂਪਾਂ ਤਕ ਗੁਰਿਆਈ ਦੇ ਸਿਲਸਿਲੇ ਚਲੇ ਆਉਂਦੇ ਨੂੰ ਬੰਦ ਕਰਨਾ ਔਰ ਅਗੇ ਹਮੇਸ਼ਾਂ ਵਾਸਤੇ ਗੁਰੂ ਗੱਦੀ ਨੂੰ ਇਕ ਥਾਂ ਬ੍ਰਿਾਜਮਾਨ ਕਰ ਦੇਣਾ ਏਸ ਏਡੀ ਵਡੀ ਭਾਰੀ ਤਬਦੀਲੀ ਨੂੰ ਸ੍ਰੀ ਦਸਮੇਸ਼ ਜੀ ਨੇ ਆਪਣੀ ਕਲਮ ਨਾਲ ਆਪਣੀ ਸ੍ਰੀ ਮੁਖਵਾਕ ਬਾਣੀ ਵਿਚ ਕਿਤੇ ਵੀ ਕਿਉਂ ਨਾਂ ਲਿਖਿਆ, ਉਨ੍ਹਾਂ ਦਾ ਨਾਂ ਲਿਖਣਾ ਹੀ ਸੰਸੇ ਜੁਗਤ ਕਰ ਦਿੰਦਾ ਹੈ। ਬਲਕਿ ਉਪ੍ਰੋਕਤ ਨਾਮਧਾਰੀ ਲੇਖਕ, ਗੁਰੂ ਪਦ ਪ੍ਰਕਾਸ਼ ਹਿਸਾ ੨ ਸਫਾ ੭੯ ਤੇ ਲਿਖ ਰਹੇ ਹਨ ਕਿ, ਗੁਰਿਆਈ ਵਾਲੀ ਬੀੜ ਬਾਬਤ ਅਸੀਂ ਆਖਦੇ ਹਾਂ ਕਿ ਸੰਮਤ ੧੭੬੫ ਵਿਚ ਹਜ਼ੂਰ ਸਾਹਿਬ ਵਾਲਾ ਖੇਲ ਵਰਤਾਣ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਈ ਬੀੜ ਹੀ ਨਹੀਂ ਸੀ, ਜਿਸਨੂੰ ਗੁਰਿਆਈ ਦਿਤੀ ਮੰਨੀ ਜਾਵੇ, ਬਾਕੀ ਜੇ ਕਦੀਂ ਸ੍ਰੀ ਦਸਮੇਸ਼ ਜੀ ਨੇ ਦਮਦਮੀ ਬੀੜ ਨੂੰ ਗੁਰਿਆਈ ਦੇ ਦਿਤੀ ਹੋਈ ਹੁੰਦੀ ਤਾਂ ਇਹ ਗਲ ਲੁਕੀ ਛੁਪੀ ਹੋਈ ਨਹੀਂ ਸੀ ਰਹਿ ਸਕਦੀ, ਹਰ ਇਕ ਨੇ ਸੁਣੀ ਹੋਈ ਹੋਣੀ ਸੀ। ਪਰੰਤੂ ਸ੍ਰੀਮਾਨ ਪੰਡਤ ਨਰੈਣ ਸਿੰਘ ਜੀ ਗਿਆਨੀ ਆਪਣੇ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੀ ਭੂਮਿਕਾ ਸਫਾ (ਜ) ਵਿਚ ਲਿਖਦੇ ਹਨ ਕਿ, ਸੰਮਤ ੧੯੧੬--੧੭

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਿਕ੍ਰਮੀ ਵਿਚ, ਕੋਹਿਨੂਰ ਯੰਤ੍ਰਾਇਲਯ, ਲਾਹੌਰ ਦਰਵਾਜ਼ਾ ਸ਼ੇਰਾਂ ਦੇ ਮਾਲਕ ਲਾਲਾ ਹਰਸੁਖ ਰਾਇ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਾਪਣ ਦੀ ਸਲਾਹ ਕੀਤੀ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਜੀ ਆਣਕੇ ਪੰਥ ਪਾਸ ਬੇਨਤੀ ਕੀਤੀ.........ਪੰਥ ਦਾਸ ਨੂੰ ਹੁਕਮ ਦੇਵੇ ਜੋ ਕੇਹੜੀ ਬੀੜ ਛਾਪੀ ਜਾਵੇ.........ਉਸ ਵੇਲੇ ਪੰਥ ਵਿਚ ਏਸ ਗਲ ਤੇ ਵਿਚਾਰ ਹੋਈ ਪਰ ਅੰਤ ਫੈਸਲਾ ਇਹ ਹੋਇਆ ਜੋ ਤਿੰਨਾਂ ਬੀੜਾਂ ਦੇ ਨਾਮ ਵਖੋ ਵਖਰੇ ਕਾਗਤਾਂ ਤੇ ਲਿਖ ਕੇ ਸਰੋਵਰ ਵਿਚ ਪਾ ਦਿਉ, ਜੇਹੜਾ ਕਾਗਤ ਤਰ ਆਵੇ ਉਸ ਬੀੜ ਨੂੰ ਛਾਪ ਦਿਤਾ ਜਾਇ.........ਇਸ ਲੇਖ ਵਿਚੋਂ ਸਾਬਤ ਹੁੰਦਾ ਹੈ ਕਿ ਸੰਮਤ ੧੯੧੬ ਤਕ ਪੰਥ ਵਿਚ ਇਸ ਗਲ ਦਾ ਪਤਾ ਹੀ ਕੋਈ ਨਹੀਂ ਸੀ ਕਿ ਸ੍ਰੀ ਦਸਮੇਸ਼ ਜੀ ਨੇ ਗੁਰਿਆਈ ਦਮਦਮੀ ਬੀੜ ਨੂੰ ਦਿਤੀ ਹੋਈ ਹੈ ਨਿਰਸੰਦੇਹ ਉਹੋ ਹੀ ਛਾਪ ਦਿਤੀ ਜਾਵੇ। ਪਰੰਤੂ ਤਿੰਨਾਂ ਬੀੜਾਂ ਦੇ ਨਾਮ ਕਾਗ਼ਤਾਂ ਪਰ ਲਿਖਕੇ ਸਰੋਵਰ ਵਿਚ ਪਾਏ ਤੇ ਦਮਦਮੀ ਵਾਲਾ ਕਾਗਤ ਤਰਿਆ ਤਾਂ ਨਿਸਚੇ ਕੀਤਾ ਕਿ ਦਮਦਮੀ ਬੀੜ ਨੂੰ ਗੁਰਿਆਈ ਮਿਲੀ ਹੈ ਇਹੀ ਛਾਪੋ, ਸੋਚਣ ਵਾਲੀ ਗਲ ਇਹ ਹੈ ਕਿ ੧੭੬੫ ਤੋਂ ਲੈਕੇ ੧੯੧੬ ਤਕ ਕਰੀਬਨ ਡੇਢ ਸੌ ਸਾਲ ਦੇ ਅਰਸੇ ਵਿਚ ਗਿਆਨੀਆਂ ਵਿਦਵਾਨਾਂ ਵਿਚ ਵੀ ਇਸ ਗਲ ਦਾ ਨਿਸਚਾ ਕੋਈ ਨਾ ਹੋ ਸਕਿਆ ਕਿ ਗੁਰਿਆਈ ਕੇਹੜੀ ਬੀੜ ਨੂੰ ਸ੍ਰੀ ਗੁਰੂ ਜੀ ਨੇ ਦਿਤੀ ਸੀ, ਇਸ ਲਈ ਇਸ ਗਲ ਦੇ ਨਿਰਣਯ ਲਈ ਕਿਸੇ ਸ੍ਰੀ ਮੁਖ ਵਾਕ ਪਰਮਾਣ ਦੀ ਜ਼ਰੂਰਤ ਹੈ ਜੋ ਨਹੀਂ ਮਿਲਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੀਮ... ਜਦ ਕਾਗਤ ਤਰਿਆ ਤਾਂ ਨਿਸਚੇ ਹੋ ਗਿਆ ਕਿ ਦਮਦਮੀ ਬੀੜ ਨੂੰ ਗੁਰਿਆਈ ਮਿਲੀ ਸੀ।

ਸੁਵਾਮੀ ਜੀ-- ਕਾਗਤ ਤਰਿਆ ੧੯੧੬—੧੭ਵਿਚ ਔਰ ਗੁਰਿਆਈ ਦਿਤੀ ਸ੍ਰੀ ਦਸਮੇਸ਼ ਜੀ ਨੇ ੧੭੬੫ ਵਿਚ ਤਾਂਤੇ ੧੭੬੫ ਸਮੇਂ ਵਿਚ ਹੋਣ ਵਾਲੇ ਅਥਵਾ, ੧੯੧੬ ਤਕ ਡੇਢ ਸੌ ਸਾਲ ਦੇ ਅਰਸੇ ਵਿਚ ਹੋਣ ਵਾਲੇ ਪੰਥ ਲਈ ਇਸ (੧੯੧੬--੧੭ਵਿਚ) ਕਾਗਤ ਦੇ ਤਰਨ ਕਰਕੇ ਇਹ ਨਿਸਚੇ ਨਹੀਂ ਹੋ ਸਕਦਾ ਕਿ ਗੁਰਿਆਈ ਦਮਦਮੀ ਬੀੜ ਨੂੰ ਮਿਲੀ ਹੈ ਅਗਰ ੧੭੬੫ ਵਿਚ ਗੁਰਿਆਈ ਮਿਲੀ ਹੋਈ ਹੁੰਦੀ ਤਾਂ ਕੋਈ ਕਾਰਨ ਨਹੀਂ ਕਿ ਡੇਢ ਸੌ ਸਾਲ ਦੇ ਅਰਸੇ ਵਿਚ ਪੰਥ ਨੂੰ ਨਿਸਚੇ ਹੀ ਨਾ ਹੋ ਸਕੇ, ਤਾਂਤੇ ਕਿਸੇ ਸ੍ਰੀ ਮੁਖਵਾਕ ਪਰਮਾਣ ਦੀ ਜਰੂਰਤ ਹੈ।

ਹਕੀਮ-- ਕਰਤਾਰ ਪੁਰੀ, ਦਮਦਮੀ, ਆਦਿਕ ਬੀੜਾਂ ਦੇ ਭੇਦ ਹਨ ਪਰ ਵਿਚੋਂ ਬਾਣੀ ਦਾ ਕੋਈ ਭੇਦ ਨਹੀਂ, ਬਾਣੀ ਵਿਚ ਇਕੋ ਜਿਹੀ ਇਕ ਹੀ ਹੈ ਇਸ ਲਈ ਚਾਹੇ ਸ੍ਰੀ ਦਸਮੇਸ਼ ਜੀ ਨੇ ਕਿਸੇ ਬੀੜ ਨੂੰ ਗੁਰਿਆਈ ਦੇ ਦਿਤੀ ਹੈ ਉਹ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੈ।

ਸੁਵਾਮੀ ਜੀ- ਜੇ ਕਰਤਾਰ ਪੁਰੀ ਆਦਿਕ ਬੀੜਾਂ ਵਿਚ ਬਾਣੀ ਇਕੋ ਜਿਹੀ ਇਕ ਹੀ ਹੋਵੇ, ਤਾਂ ਬੀੜਾਂ ਦੇ ਭੇਦ ਨਹੀਂ ਕਹੇ ਜਾ ਸਕਦੇ, ਬੀੜਾਂ ਦੇ ਭੇਦ ਵੀ ਤਦ ਹੋ ਸਕਦੇ ਹਨ ਜੇਕਰ ਵਿਚ ਲਿਖੀ ਬਾਣੀ ਦਾ ਵੀ ਭੇਦ ਹੋਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੀਮ--(ਮੈਂ ਕਈ ਗਿਆਨੀਆਂ ਕੋਲੋਂ ਸੁਣਿਆ ਹੈ ਕਿ ਕਰਤਾਰ ਪੁਰੀ ਬੀੜ ਨਾਲੋਂ ਦਮਦਮੀ ਬੀੜ ਦੀ ਬਾਣੀ ਵਿਚ ਇਕ ਕੰਨੇ ਦਾ ਹੀ ਫਰਕ ਹੈ ਹੋਰਕੋਈ ਫਰਕ ਨਹੀਂ ।

ਸੁਵਾਮੀ ਜੀ--ਜੇ ਖੋਜ ਕਰੀਏ ਤਾਂ ਫਰਕ ਬਹੁਤ ਨਿਕਲਦਾ ਹੈ, ਭਾਈ ਮੰਨਾਂ ਸਿੰਘ ਜੀ ਪਾਠੀ ਡੇਰਾ ਬਾਬਾ ਸ਼ਾਮ ਸਿੰਘ ਬਜਾਰ ਆਟੇ ਅੰਮ੍ਰਿਤ ਸਰ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਅਰ ਪਾਠਾਂ ਦੇ ਭੇਦ, ਅਤੇ ਕਰਤਾਰ ਪੁਰ ਵਾਲੀ ਬੀੜ ਦੇ ਦਰਸ਼ਨ, ਨਾਮੀ ਟਰੈਕਟ ਛਾਪ ਕੇ ਵੰਡੇ ਸਨ ਉਸ ਦੇ ਸਫ਼ਾ ੩-੪ ਤੇ ਲਿਖਿਆ ਸੀ ਕਿ, ਇਸ (ਕਰਤਾਰ ਪੁਰੀ) ਬੀੜ ਵਿਚ ਵਡੇ ਭੇਦ ਇਹ ਹਨ, ਸੋ ਪੁਰਖ ਸਾਰਾ ਅਰਥਾਤ ਪੰਜੇ ਪੌੜੀਆਂ ਨਹੀਂ ।

(੨) ਆਸਾ ਮ: ੪ ॥ ਤੂ ਕਰਤਾ ਸਚਿਆਰ ਮੈਡਾ ਸਾਈ ॥ ਸਾਰਾ ਸ਼ਬਦ ਨਹੀਂ ।

(੩) ਤਿਤ ਸਰਵਰੜੇ ਭਈ ਲੇ ਨਿਵਾਸਾ ॥ ਸਾਰਾ ਸ਼ਬਦ ਨਹੀਂ ।

(੪) ਭਈ ਪ੍ਰਾਪਤ ਮਾਨੁਖ ਦੇਹੁਰੀਆ । ਸਾਰਾ ਸ਼ਬਦ ਨਹੀਂ ।

(੫ ਜੈਜੈ ਵੰਤੀ ਰਾਗ ਸਾਰਾ ਨਹੀਂ ।

(੬) ਨਾਂਵੇ ਮਹਿਲ ਦੇ ਸ਼ਬਦ ਸਲੋਕ ਸਾਰੇ ਹੀ ਨਹੀਂ ।

ਇਸਤੋਂ ਬਿਨਾਂ ਕਈ ਥਾਂਵੀਂ ਸ਼ਬਦਾਂ ਦੇ ਸਿਰ ਲੇਖ ਦੋ ਵਾਰੀ ਲਿਖੇ ਹੋਏ ਹਨ, ਅਤੇ ਗਉੜੀ ਗੁਆਰੇਰੀ ਦੀ ਥਾਂ ਗਉੜੀ ਗੁਆਰੀ ਏਰੀ ਲਿਖਿਆ ਹੈ ਅਰ ਬੁਨਨਾ ਤਨਨਾ ਦੀ ਥਾਂ, ਬੁਨਨਾ ਤਤਨਾ ਲਿਖਿਆ ਹੈ ਇਤਆਦਿਕ ਭੇਦ ਹਨ ਜਿਨ੍ਹਾਂ ਵਿੱਚੋਂ ਦੋ ਸੌ ਦੋ ਲਗ ਪਗ ਇਸ ਗੁਟਕੇ ਵਿਚ ਔਖੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਖੇ ਜਾਂਦੇ ਹਨ ਇਸਤੋਂ ਬਿਨਾਂ ਹੋਰ ਬਹੁਤ ਸਾਰੇ ਪਾਠਾਂ ਦੇ ਭੇਦ ਹਨ ਜੋ ਖਰਚ ਹੋਣ ਦੇ ਡਰ ਥੋਂ ਇਥੇ ਨਹੀਂ ਛਾਪੇ ਹਨ। ਇਸ ਉਪ੍ਰੋਕਤ ਲੇਖ ਵਿਚ ਭਾਈ ਮੰਨਾ ਸਿੰਘ ਜੀ ਕਿੰਨਾਂ ਹੀ ਭੇਦ ਦਰਸਾ ਰਹੇ ਹਨ। ਅਤੇ ਬਾਕੀ ਖਰਚ ਹੋਣ ਦੇ ਡਰ ਥੋਂ ਛਾਪ ਨਹੀਂ ਸੱਕਣ ਦੀ ਸੂਚਨਾਂ ਦੇ ਰਹੇ ਹਨ। ਪ੍ਰੰਤੂ ਇਸ ਮੌਜੂਦਾ ਬੀੜ (ਜਿਸਨੂੰ ਕਈ ਸੱਜਣ, ਦਮਦਮੀ ਬੀੜ ਆਖਦੇ ਹਨ) ਵਿਚ, ਸੋ ਪੁਰਖ ਆਦਕ ਸਾਰੇ ਸ਼ਬਦ ਰਹਿਰਾਸ ਵਾਲੇ ਲਿਖੇ ਮੌਜੂਦ ਮਿਲਦੇ ਹਨ, ਅਤੇ ਜੇਜਾ ਵੰਤੀ ਰਾਗ ਵੀ ਲਿਖਿਆ ਮਿਲਦਾ ਹੈ, ਤਾਂ ਇਕ ਕੰਨੇ ਮਾਤ੍ਰ ਦਾ ਹੀ ਫਰਕ ਕਿਵੇਂ ਰਿਹਾ, ਬਾਕੀ ਇਸੇ ਕਰਤਾਰ ਪੁਰੀ ਬੀੜ ਦੇ ਦਰਸਾਏ ਉਪ੍ਰੋਕਤ ਭੇਦ ਦੀ ਪੁਸ਼ਟੀ ਸ੍ਰੀ ਮਾਨ ਗੁਰਮੁਖ ਸਿੰਘ ਜੀ ਨੇ, ਰਾਗ ਮਾਲਾ ਮੰਡਨ ਪ੍ਰਬੋਧ, ਦੇ ਸਫਾ ੧੦੧ ਤੇ ਕੀਤੀ ਹੈ ਕਿ, ਇਸ ਦਰਬਾਰ ਸਾਹਿਬ ਮੇਂ ਚਲਿਤ੍ਰ ਜੋਤੀ ਜੋਤਿ ਸਮਾਉਣੇ ਕਾ ਸ੍ਰੀ ਗੁਰੂ ਰਾਮਦਾਸ ਜੀ ੪ ਪਾਤਸ਼ਾਹੋਂ ਪ੍ਰਯੰਤ ਲਿਖਾ ਹੈ, ਅਤੇ ਇਸ ਪਹਿਲੀ ਬੀੜ ਮੇਂ, ਸੋ ਪੁਰਖਾਦੀ ੪ ਸ਼ਬਦ ਰਹਿਰਾਸ ਮੇਂ ਨਹੀਂ ਹਨ, ਇਸ ਦਰਬਾਰ ਦੇ ਦਰਸ਼ਨ ਸੇਵਕ ਨੇ ਕਈ ਦਫਾ ਕੀਏ ਹੈਂ। ਬਹੁਤ ਸੱਜਨੋਂ ਕੇ ਸਾਥ, ਸ੍ਰੀ ਗੁਰਮੁਖ ਸਿੰਘ ਜੀ ਇਸ ਬੀੜ ਦੇ ਦਰਸ਼ਨ ਬਹੁਤ ਸੱਜਣਾ ਦੇ ਨਾਲ ਕੀਤੇ ਕਹਿ ਰਹੇ ਹਨ ਤੇ, ਸੋ ਪੁਰਖ ਆਦੀ ਚਾਰੇ ਸ਼ਬਦ ਰਹਿਰਾਸ ਵਿਚ ਨਹੀਂ ਅਤੇ ਚਹੁੰ ਗੁਰੂ ਸਾਹਿਬਾਂ ਦੇ ਜੋਤੀ ਜੋਤਿ ਸਮਾਉਣੇ ਦੇ ਲੇਖ ਇਸ ਬੀੜ ਵਿਚ ਹਨ, ਲਿਖ ਰਹੇ ਹਨ। ਪ੍ਰੰਤੂ ਮੌਜੂਦਾ ਬੀੜ ਵਿਚ ਚਹੁੰ ਗੁਰੂ ਸਹਿਬਾਂ ਦਾ ਜੋਤੀ ਜੋਤਿ ਸਮਾਉਣਾ ਕਿਤੇ ਨਹੀਂ ਲਿਖਿਆ, ਤਾਤੇ ਕਰਤਾਰ ਪੁਰ ਅਤੇ ਮੌਜੂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੀੜ ਦਾ ਬਹੁਤ ਭਾਰੀ ਭੇਦ ਹੈ। ਅਰ ਸ੍ਰੀਮਾਨ ਗਿਆਨੀ ਜੋਧ ਸਿੰਘ ਜੀ ਨੇ ਆਪਣੇ ਰਚੇ, ਸ੍ਰੀ ਗੁਰਮਤ ਸਾਖੀ ਪ੍ਰਮਾਣ, ਵਿਚ ਦਮਦਮੀ ਬੀੜ ਨੂੰ ਗੁਰਿਆਈ ਦਿਤੀ ਸਿਧ ਕਰਨ ਲਗਿਆਂ ਲਿਖਿਆ ਹੈ ਕਿ--

ਪੰਜਵੀਂ ਪਾਤਸ਼ਾਹੀ ਜਿਵੇਂ ਗ੍ਰੰਥ ਸਾਹਿਬ ਕਲਮਬੰਦ ਚਾ ਆਪ ਕਰਵਾਇਆ ਈ। ਤਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਮਲ ਮੁਖ ਚੋਂ ਖੁਦ ਲਿਖਵਾਇਆ ਈ। ਅਨੁਭਵ ਆਪਣੇ ਦੇ ਨਾਲ ਆਦਿ ਉਤੋਂ ਭੋਗ ਅੰਤ ਉਪਰ ਆਣ ਪਾਇਆ ਈ। ਨੌ ਮਾਸ ਤੇ ਨੌਵੇਂ ਹੀ ਰੋਜ਼ ਪਿਆਰੇ ਪੂਰਨ ਗ੍ਰੰਥ ਸਤਿਗੁਰਾਂ ਬਣਾਇਆ ਈ। ਸਾਰੇ ਸਿਖ ਜਾਨਣ ਲਿਖਣ ਪੜ੍ਹਨ ਵਾਲੇ ਜੇਹੜਾ ਗੁਰਾਂ ਨੇ ਭੇਦ ਟਿਕਾਇਆ ਈ। ਲਿਖੇ ਸ਼ਬਦ ਸਲੋਕ ਗੁਰ ਪਿਤਾ ਜੀ ਦੇ ਅਤੇ ਰਾਗ ਜੈਜਾਵੰਤੀ ਪਾਇਆ ਈ। ਸੋ ਪੁਰਖ ਸਾਰਾ ਏਹਦੇ ਵਿਚ ਲਿਖਿਆ ਪਾਠ ਭੇਦ ਭੀ ਆਪ ਬਣਾਇਆ ਈ।ਸ਼ਬਦ ਕੱਢ ਕਬੀਰ ਕੋਸਾਲੋ ਵਾਲਾ ਹੁਕਮਨਾਮਾ ਨਿਰੰਜਨ ਮਿਟਾਇਆ ਈ। ਕਿਤੋਂ ਕਢਿਆ ਤੇ ਕਿਤੇ ਪਾਇ ਦਿਤਾ ਇਛਾ ਆਪਣੀ ਕਰਮ ਕਮਾਇਆ ਈ। ਮੁਕੀ ਗਲ ਤਰੁਟੀਆਂ ਪੂਰੀਆਂ ਕਰ ਦਸਮ ਗੁਰਾਂ ਮੁਕੰਮਲ ਸਜਾਇਆ ਈ।

ਇਸ ਲੇਖ ਵਿਚ ਸ੍ਰੀਮਾਨ ਗਿਆਨੀ ਜੋਧ ਸਿੰਘ ਜੀ ਇਥੋਂ ਤਕ ਕਹਿ ਰਹੇ ਹਨ ਕਿ ਜੇਹੜਾ ਗੁਰੂ ਜੀ ਨੇ ਕਰਤਾਰ ਪੁਰੀ ਬੀੜ ਤੇ ਦਮਦਮੀ ਬੀੜ ਦਾ ਭੇਦ ਰਖਿਆ ਹੈ ਉਹ ਸਾਰੇ ਲਿਖਣ ਪੜ੍ਹਨ ਵਾਲੇ ਸਿਖ ਜਾਣਦੇ ਹਨ। ਬਲਕਿ ਕਿਤੋਂ ਕਢਿਆ ਤੇ ਕਿਤੇ ਪਾਇ ਦਿਤਾ। ਅਤੇ ਮੁਕੀ ਗੱਲ ਤਰੁਟੀਆਂ ਪੂਰੀਆਂ ਕਰ, ਭਾਵ ਜੇਹੜੀਆਂ ਕਰਤਾਰ ਪੁਰੀ ਬੀੜ ਵਿਚ ਕਮਜ਼ੋਰੀਆਂ ਰਹਿ ਗਈਆਂ ਸੀ ਉਹ ਸ੍ਰੀ ਦਸਮੇਸ਼ ਜੀ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਮਦਮੀ ਬੀੜ ਵਿਚ ਪੂਰੀਆਂ ਕਰ ਦਿਤੀਆਂ। ਔਰ ਕਿਤੋਂ ਸ਼ਬਦ ਕਢੇ ਤੇ ਕਿਤੇ ਨਵੇਂ ਪਾਏ ਵੀ ਮੰਨ ਰਹੇ ਹਨ। ਜਿਵੇਂ ਰਾਗ ਜੈਜਾਵੰਤੀ ਤੇ ਮੋ ਪੁਰਖ ਸਾਰਾ ਦਮਦਮੀ ਵਿਚ ਪਾਇਆ ਅਤੇ ਕਬੀਰ ਕੋਸਾਲੋ ਦਾ ਸ਼ਬਦ (ਕਰਤਾਰਪੁਰੀ ਵਾਲਾ) ਕੱਢ ਦਿਤਾ, ਤੇ ਨਿਰੰਜਨ ਰਾਇ ਦਾ ਹੁਕਮਨਾਮਾਂ ਵੀ (ਕਰਤਾਰ ਪੁਰੀ ਵਾਲਾ) ਮਿਟਾ ਦਿਤਾ। ਤਾਂਤੇ ਉਪ੍ਰੋ-ਕਤ ਗਿਆਨੀ ਜੀ ਦੇ ਕਥਨ ਮੁਤਾਬਕ ਕਰਤਾਰ ਪੁਰੀ ਬੀੜ ਜੋ ਗੁਰੂ ਅਰਜਨ ਦੇਵ ਜੀ ਨੇ ਬਧੀ ਕਹੀ ਜਾਂਦੀ ਹੈ, ਅਤੇ ਦਮਦਮੀ ਬੀੜ ਜਿਸਨੂੰ ਸ੍ਰੀ ਦਸਮੇਸ਼ ਜੀ ਨੇ ਪੂਰਨ ਕੀਤਾ ਕਿਹਾ ਜਾਂਦਾ ਹੈ ਉਨ੍ਹਾਂ ਦੀ ਬਾਣੀ ਦਾ ਜੋ ਉਪ੍ਰੋਕਤ ਭੇਦ ਹੈ ਉਹ ਸਾਰੇ ਲਿਖੇ ਪੜ੍ਹੇ ਸਿਖ ਜਾਣਦੇ ਹਨ ਤਾਂ ਕੇਵਲ ਇਕ ਕੰਨੇ ਮਾਤ੍ਰ ਦਾ ਫਰਕ ਨਹੀਂ ਬਹੁਤ ਹੈ। ਬਾਕੀ ਭਾਈ ਦਇਆ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਭੇਦ ਅਤੇ ਕਰਤਾਰ ਪੁਰ ਵਾਲੀ ਬੀੜ ਦੇ ਪ੍ਰਕਾਸ਼. ਨਾਮੀ ਟਰੈਕਟ ਦੇ ਸਫਾ ੫ ਤੇ ਲਿਖਿਆ ਸੀ ਕਿ ਰਾਮ ਕਬੀਰ ਕੋਸਾਲੋ ਦੇ ਸ਼ਬਦ ਪਰ ਹੁਣ ਲਕੀਰਾਂ ਤੇ ਹੜਤਾਲ ਲਗੀ ਹੋਈ ਹੈ, ਇਥੇ ਹੁਣ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਲਕੀਰਾਂ ਤੇ ਹੜਤਾਲ ਕਿਸਨੇ ਲਾਈ, ਜੇ ਗੁਰੂ ਅਰਜਨ ਦੇਵ ਜੀ ਨੇ ਹੀ ਲਗਵਾਈ ਮੰਨੀ ਜਾਵੇ ਤਾਂ ਫ਼ਿਰ ਇਹ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਇਹ ਕਬੀਰ ਕੋਸਾਲੋ ਵਾਲਾ ਸਬਦ ਲਿਖਿਆ ਕਿਸਨੇ, ਜੇ ਪੰਚਮ ਗੁਰੂ ਜੀ ਨੇ ਹੀ ਲਿਖਵਾਇਆ ਹੋਵੇ ਤਾਂ ਪੰਚਮ ਗੁਰੂ ਜੀ ਨੇ ਹੀ ਹੜਤਾਲ ਲਗਵਾਈ ਨਹੀਂ ਮੰਨੀ ਜਾ ਸਕਦੀ, ਕਿਉਂਕਿ ਗੁਰੂ ਜੀ ਅਭੁਲ ਸਨ, ਭੁਲਕੇ ਨਹੀਂ ਲਿਖ ਸਕਦੇ ਸੀ, ਜੇਕਰ ਭਾਈ ਗੁਰਦਾਸ ਜੀ ਨੇ ਹੜਤਾਲ ਲਾਈ ਹੋਵੇ ਤਾਂ ਉਨ੍ਹਾਂ ਨੂੰ 'ਕੀ' ਅਧਿਕਾਰ ਸੀ ਜੇਕਰ ਇਹ ਮੰਨਿਆ ਜਾਵੇ ਕਿ ਇਹ ਸ਼ਬਦ ਭਾਈ ਗੁਰਦਾਸ ਜੀ ਨੇ ਇਸ ਬੀੜ ਦੇ ਲਿਖਾਰੀ ਹੋਣ ਦੇ ਕਾਰਨ ਆਪਣੇ ਆਪ, ਗੁਰੂ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮਰਜ਼ੀ ਤੋਂ ਬਗੈਰ ਹੀ ਲਿਖ ਦਿਤਾ ਹੋਵੇਗਾ ਤਾਂ ਭਾਈ ਗੁਰਦਾਸ ਜੀ ਨੂੰ ਲਿਖਣ ਕਰਕੇ ਕੀ ਲਾਭ ਸੀ, ਜੇ ਕੋਈ ਹਠ ਕਰੇ ਤਾਂ ਇੰਜ ਸਾਰੀ ਬੀੜ ਦੀ ਬਾਣੀ ਵਿਚ ਸੰਸਾ ਪੈਦਾ ਹੋ ਸਕਦਾ ਹੈ ਕਿ ਸ਼ਾਇਦ ਭਾਈ ਗੁਰਦਾਸ ਜੀ ਨੇ ਕੇਹੜੇ ਕੇਹੜੇ ਸ਼ਬਦ ਆਪਣੀ ਮਰਜ਼ੀ ਨਾਲ ਲਿਖ ਹੋਏ ਹਨ, ਤਾਂਤੇ ਇਥੇ ਇਹੋ ਕੁਝ ਕਿਹਾ ਜਾ ਸਕਦਾ ਹੈ ਕਿ ਇਹ ਭਾਈ ਗੁਰਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਿਛੋਂ ਕਿਸੇ ਸਮੇ ਵਿਚ ਕਿਸੇ ਚਤੁਰ ਪ੍ਰੇਮੀ ਨੇ ਲਕੀਰਾਂ ਮਾਰੀਆ ਹੋਣਗੀਆਂ, ਇਸ ਲਈ ਕਰਤਾਰ ਪੁਰੀ ਬੀੜ ਵਿਚ ਇਹ ਸ਼ਬਦ ਹੈਸੀ, ਨਿਸਚਿਤ ਹੁੰਦਾ ਹੈ, ਪਰ ਮੌਜੂਦਾ ਬੀੜ ਵਿਚ ਇਹ ਕਿਤੇ ਨਹੀਂ, ਅਤੇ ਕਰਤਾਰ ਪੁਰੀ ਬੀੜ ਨਾਲੋਂ ਦਮਦਮੀ ਬੀੜਦਾ ਹੋਰ ਭੇਦ ਸ੍ਰੀਮਾਨ ਗਿਆਨੀ ਗਿਆਨ ਸਿੰਘ ਜੀ ਦੀ ਰਚੀ ਤ੍ਵਾਰੀਖ ਗੁਰੂ ਖਾਲਸਾ, ਵਿਚੋਂ ਸਿਧ ਹੁੰਦਾ ਹੈ ਕਿਉਂਕਿ ਤਵਾਰੀਖ ਗੁਰੁ ਖਾਲਸਾ ਵਿਚ ਕਰਤਾਰਪੁਰੀ ਬੀੜ ਦੇ ਰਾਗਾਂ ਦਾ ਵੇਰਵਾ ਕਰਦਿਆਂ, ਵਿਚ ਬਸੰਤ ਰਾਗ ਦਾ ਜਿਕਰ ਨਹੀਂ ਕੀਤਾ। ਔਰ ਮਾਰੂ ਰਾਗ ਵਿਚ ਦਸਿਆ ਹੈ, ਮੀਰਾਂ ਬਾਈ ਦਾ ਸ਼ਬਦ ਹੈ, ਪਰ ਮੌਜੂਦਾ ਬੀੜ ਵਿਚ ਬਸੰਤ ਰਾਗ ਹੈ ਅਤੇ ਮੀਰਾਂ ਬਾਈ ਦਾ ਸ਼ਬਦ ਕੋਈ ਨਹੀਂ। ਔਰ ਸ੍ਰੀਮਾਨ ਸ੍ਰ: ਬ: ਸ੍ਰ: ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ 'ਗ੍ਰੰਥ ਸਾਹਿਬ' ਦੇ ਅਰਥ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਅਰਜਨ ਸਾਹਿਬ ਨੇ ਜੋ ਜਿਲਦ ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਵਾਈ ਉਸਦਾ ਪ੍ਰਸਿਧ ਨਾਉਂ ਭਾਈ ਗੁਰਦਾਸ ਵਾਲੀ ਹੋ ਗਿਆ... ਇਹ ਬੀੜ ਹੁਣ ਕਰਤਾਰ ਪੁਰ ਹੈ ਜਿਸਦੀ ਜਿਲਦ ਕਿਤਾਬੀ ਅਰ ਸਾਰੇ ਪਤ੍ਰੇ ੯੭੫ ਹਨ ਹਾਸ਼ੀਆ ਹਰੇਕ ਪਤ੍ਰੇ ਦਾ ਨਵਾਂ ਚੜ੍ਹਿਆ ਹੋਇਆ ਹੈ ਸ੍ਰੀ ਗੁਰੂ ਅਰਜਨ ਸਾਹਿਬ ਦੀ ਕਲਮ ਤੋਂ 'ਜਪੁ' ਦੇ ਆਦਿ ਦਾ ਮੂਲ ਮੰਤ੍ਰ ਹੈ, ਅਤੇ ਪੰਨੇ ਪ੪੧ ਪੁਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਸਖਤ ਹਨ........ਮਾਰੂ ਰਾਗ ਵਿਚ ਮੀਰਾਂ ਬਾਈ ਦਾ ਸ਼ਬਦ ਲਿਖਕੇ ਫੇਰ ਉਪਰ ਕਲਮ ਫੇਰੀ ਹੋਈ ਹੈ। ਪ੍ਰੰਤੂ ਅਜਕਲ ਮੌਜੂਦਾ ਬੀੜ ਵਿਚ ਕਿਸੇ ਸਫੇ ਤੇ ਵੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਦਸਤਖਤ ਨਹੀਂ, ਕਿਸੇ ਗੁਰੂ ਜੀ ਦੇ ਕਿਸੇ ਬੀੜ ਤੇ ਦਸਤਖਤ ਹੋਣੇ ਉਸ ਬੀੜ ਦੀ ਪ੍ਰਮਾਣੀਕਤਾ ਦਾ ਸਬੂਤ ਹੋ ਸਕਦੇ ਹਨ ਬਾਕੀ ਮੀਰਾਂ ਬਾਈ ਦੇ ਸ਼ਬਦ ਉਤੇ ਕਲਮ ਫੇਰੀ ਹੋਈ ਬਾਬਤ ਫਿਰ ਉਹੋ ਪ੍ਰਸ਼ਨ ਉਠਦੇ ਹਨ ਕਿ ਇਹ ਕਲਮ ਕਿਸਨੇ ਫੇਰੀ ਹੋਵਗੀ। ਔਰ ਸ੍ਰੀਮਾਨ ਗਿਆਨੀ ਲਾਲ ਸਿੰਘ ਜੀ ਸੰਗਰੂਰ, ਗੁਰੂ ਵੰਸਾਵਲੀ ਤੇ ਪੰਥਕ ਪ੍ਰਸਿਧ ਹਸਤੀਆਂ. ਦੇ ਸਫੇ ੯੪ ਤੇ ਲਿਖ ਰਹੇ ਹਨ ਕਿ ਕਰਤਾਰ ਪੁਰ ਵਿਖੇ ਪੁਰਾਣੀ ਇਕ ਖਾਰੀ ਬੀੜ ਹੈ, ਕਿਹਾ ਜਾਂਦਾ ਹੈ ਕਿ ਇਹ ਬੀੜ ਉਹੀ ਹੈ ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਸੀ, ਅਸਲੋਂ ਉਹ ਬੀੜ ਥੰਮ ਸਾਹਿਬ ਨੂੰ ਅਗ ਲਗਣ ਵੇਲੇ ਚੰਡੀ ਦੀ ਭੇਟਾ ਹੋ ਚੁਕੀ ਹੈ, ਇਸ ਲੇਖ ਅਨੁਸਾਰ ਕਈ ਪ੍ਰਸ਼ਨ ਪੈਦਾ ਹੁੰਦੇ ਹਨ ਕਿਉਂਕਿ ਜੇ ਅਸਲ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਵਾਲੀ ਅਗ ਲਗਣ ਕਰਕੇ ਚੰਡੀ ਦੀ ਭੇਟਾ ਹੋ ਗਈ ਸੀ ਤਾਂ ਸ੍ਰ: ਬ: ਕਾਹਨ ਸਿੰਘ ਜੀ ਦੇ ਲਿਖੇ ਅਨੁਸਾਰ ਇਹ ਬੀੜ ਹੁਣ ਕਰਤਾਰ ਪੁਰ ਹੈ...ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਕਲਮ ਤੋਂ ਜਪੁ ਦੇ ਆਦਿ ਦਾ ਮੂਲ ਮੰਤ੍ਰ ਹੈ ਤੇ ਪੰਨੇ ੫੪੧ ਪੁਰ ਛੇਵੇਂ ਗੁਰੂ ਸਾਹਿਬਾਂ ਦੇ ਦਸਤਖਤ ਹਨ, ਇਹ ਸ੍ਰ: ਬ: ਸ੍ਰ: ਕਾਹਨ ਸਿੰਘ ਜੀ ਨੇ ਸਭ ਕੁਛ ਕਿਥੋਂ ਵੇਖਕੇ ਲਿਖਿਆ ਹੈ, ਅਤੇ ਤਵਾਰੀਖ ਗੁਰੂ ਖਾਲਸਾ, ਦੇ ਕਰਤਾ ਨੇ ਕਰਤਾਰ ਪੁਰੀ ਬੀੜ ਦੇ ਰਾਗਾਂ ਦਾ ਜ਼ਿਕਰ ਕਿਥੋਂ ਵੇਖਕੇ ਕੀਤਾ, ਅਜ ਤੋਂ ਦਸ ਬਾਰਾਂ ਬਰਸ ਪਹਿਲੇ ਜੇੜ੍ਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਪੇ ਹੋਏ ਹੁੰਦੇ ਸਨ ਉਨ੍ਹਾਂ ਦੇ ਪਹਿਲੇ ਟਾਈਟਲ ਤੇ ਕਰਤਾਰ ਪੁਰੀ ਬੀੜ ਤੋਂ ਸੋਧਕੇ ਛਪਵਾਯਾ ਲਿਖਿਆ ਹੋਇਆ

CC-0. In Public Domain. Gurukul Kangri Collection, Haridwar

੪੬੫ ੪੪,੯੪੮
੬
Digitized by Arya Samaj Foundation Chennai and eGangotri

ਹੁੰਦਾ ਸੀ ਮੈਂ ਖੁਦ ਵੇਖਿਆ ਸੀ, ਤਾਂ ਉਨ੍ਹਾਂ ਛਾਪਣ ਵਾਲਿਆਂ ਨੇ ਕਿਥੋਂ ਸੋਧਕੇ ਛਪਵਾਯਾ, ਜੇਕਰ ਇਹ ਮੰਨੀਏ ਕਿ ਉਪ੍ਰੋਕਤ ਵਿਦਵਾਨਾਂ ਨੇ ਕਰਤਾਰ ਪੁਰੀ ਬੀੜ ਬਾਰੇ ਸਾਰੇ ਲੇਖ ਤੇ ਸੋਧਕੇ ਛਾਪਣ ਦੀ ਸੂਚਨਾ ਆਦਕ ਸਭ ਕੁਛ ਝੂਠ ਹੀ ਲਿਖਿਆ ਹੈ ਤਾਂ ਸਚਾਈ ਕਿਸ ਆਧਾਰ ਉਤੇ ਲਭੀ ਜਾ ਸਕੇਗੀ। ਇੰਜ ਥੰਮ ਸਾਹਿਬ ਨੂੰ ਅਗ ਲਗ ਜਾਣ ਕਰਕੇ ਅਸਲ ਬੀੜ ਚੰਡੀ ਦੀ ਭੇਟਾ ਹੋ ਗਈ, ਗਲ ਵੀ ਝੂਠੀ ਕਹੀ ਜਾ ਸਕੇਗੀ, ਕਿਉਂਕਿ ਸ੍ਰੀਮਾਨ ਗਿਆਨੀ ਲਾਲ ਸਿੰਘ ਜੀ ਲਿਖ ਰਹੇ ਹਨ ਕਿ ਕਰਤਾਰ ਪੁਰ ਵਿਖੇ ਪੁਰਾਣੀ ਇਕ ਖਾਰੀ ਬੀੜ ਹੈ ਪ੍ਰੰਤੂ ਖਾਰੀ ਬੀੜ ਭਾਈ ਬੰਨੋ ਜੀ ਵਾਲੀ ਹੀ ਕਹੀ ਜਾਂਦੀ ਹੈ, ਤਾਂਤੇ ਭਾਈ ਬੰਨੋ ਵਾਲੀ ਬੀੜ ਵਿਚ ਪਿਛੇ ਦਸੇ, ਸੋ ਪੁਰਖ ਸਾਰਾ, ਤੂੰ ਕਰਤਾ ਸਚਿਆਰ, ਤਿਤ ਸਰਵਰੜੈ ਭਈ ਲੇ ਨਿਵਾਸਾ...ਭਈ ਪ੍ਰਾਪਤ ਮਾਨੁਖ ਦੇਹੁਰੀਆ... ਆਦਕ ਸਾਰੇ ਸ਼ਬਦ ਹੋਣੇ ਚਾਹੀਦੇ ਸਨ ਜੋ ਉਪ੍ਰੋਕਤ ਰਾਗਮਾਲਾ ਮੰਡਨ ਪ੍ਰਬੋਧ ਆਦਕਾਂ ਦੇ ਕਰਤਾ, ਵਿਦਵਾਨਾਂ ਦੇ ਲੇਖਾਂ ਅਨੁਸਾਰ ਸਾਬਤ ਹੋ ਰਹੇ ਹਨ ਕਿ ਕਰਤਾਰ ਪੁਰ ਵਿਖੇ ਬ੍ਰਾਜ ਰਹੀ ਬੀੜ ਵਿਚ ਨਹੀਂ ਹਨ, ਕਿਉਂਕਿ ਭਾਈ ਬੰਨੋ ਵਾਲੀ ਬੀੜ ਵਿਚ ਭਾਈ ਬੰਨੋ ਜੀ ਨੇ ਰਤਨ ਮਾਲਾ ਆਦਕ ਬਾਣੀ ਹੀ ਵਾਧੂ ਚੜ੍ਹਾਈ ਸੀ ਕਿੰਤੂ ਵਿਚੋਂ ਉਪ੍ਰੋਕਤ ਰਹਿਰਾਸ ਵਾਲੇ ਆਦਕ ਤੇ ਹੋਰ ਸ਼ਬਦ ਕਢੇ ਨਹੀਂ ਸਨ, ਤਾਂਤੇ ਉਪ੍ਰੋਕਤ ਗਿਆਨੀ ਜੀ ਦੇ ਲੇਖ ਅਨੁਸਾਰ ਕਰਤਾਰ ਪੁਰ ਵਿਖੇ ਬ੍ਰਾਜਮਾਨ ਬੀੜ, ਖਾਰੀ ਵੀ ਨਹੀਂ ਸਾਬਤ ਹੁੰਦੀ, ਤਾਂ ਗਿਆਨੀ ਜੀ ਦੇ ਇਸ ਲੇਖ ਨੂੰ ਕਿਸ ਅਧਾਰ ਤੇ ਸਚਾ ਮੰਨਿਆ ਜਾਵੇ, ਜੇਕਰ ਇੰਜ ਮੰਨੀਏ ਕਿ ਉਪ੍ਰੋ-ਕਤ ਵਿਦਵਾਨਾਂ ਨੇ ਅਗ ਲਗਣੇ ਸੇ ਚੰਡੀ ਦੀ ਭੇਟਾ ਹੋਣ ਤੋਂ ਪਹਿਲਾਂ ਅਸਲ ਬੀੜ ਤੋਂ ਵੇਖਕੇ ਲੇਖ ਲਿਖੇ ਤੇ ਸੋਧਣ ਦੀ ਸੂਚਨਾ ਦਿਤੀ ਹੈ ਤਾਂ ਕਰਤਾਰ ਪੁਰੀ ਬੀੜ ਦਾ ਦਮਦਮੀ ਬੀੜ ਨਾਲੋਂ ਭੇਦ ਨਿਰਸੰਦੇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪ੍ਰੋਕਤ ਵਿਦਵਾਨਾਂ ਦੇ ਲੇਖਾਂ ਅਨੁਸਾਰ ਸਿਧ ਹੋ ਗਿਆ । ਬਾਕੀ ਗਿਆਨੀ ਅਬਾਦਉਲਾ ਨੇ ਮੇਰੀਆਂ ਪੁਛਾਂ ਤੇ ਭਾਈ ਸੇਵਾ ਸਿੰਘ ਜੀ ਦੇ ਉਤ੍ਰ ਨਾਮੀ ਪੁਸਤਕ ਦੇ ਸਫਾ ੨੮ ਤੇ ਕਰਤਾਰ ਪੁਰੀ ਬੀੜ ਵਿਚ ਰਾਮਕਲੀ ਮ: ੫ ਦੇ ਅੰਤਲੇ ਛੰਦ ਦੀਆਂ ੨੪ ਤੁਕਾਂ, ਬੁਧੂ ਲਾਣਾ ਨੰਬਰ ੩ ਦੇ ਹਵਾਲੇ ਨਾਲ ਸਾਬਤ ਕੀਤੀਆਂ ਹਨ ਜੋ ਮੌਜੂਦਾ ਅਜ ਕਲ ਬੀੜ ਵਿਚ ਕੇਵਲ ਇਥੇ ਦੋ ਹੀ ਤੁਕਾਂ, ਰਣ ਝੁੰਝਨੜਾ ਗਾਉ ਸਖੀ ਆਦਕ ਹਨ, ਵਿਚ ਬਾਈ ਤੁਕਾਂ ਨਹੀਂ ਹਨ, ਕਿੰਤੂ ਅਬਾਦਉਲਾ ਨੇ ਇਥੇ ਹੀ ਉਸੇ ਬੁਧੂ ਲਾਣੇ ਦਾ ਹਵਾਲਾ ਲਿਖਿਆ ਹੈ ਕਿ ਬਾਈ ਤੁਕ ਇਸ ਕੀ ਦਈ ਨਿਕਾਲ, ਭਦਣ ਉਨੇਤ ਕਾ ਕਰ ਮਨ ਖਿਆਲ, ਇਥੇ ਫਿਰ ਇਹੋ ਪ੍ਰਸ਼ਨ ਪੈਦਾ ਹੋਵੇਗਾ ਕਿ ਇਹ ਬਾਈ ਤੁਕਾਂ ਮੌਜੂਦਾ ਬੀੜ ਵਿਚੋਂ ਕਿਸ ਨੇ ਭਦਣ (ਮੁੰਡਨ) ਉਨੇਤ (ਜਨੇਊ) ਦਾ ਖਿਆਲ ਕਰਕੇ ਕਢ ਦਿਤੀਆਂ, ਇਸਦਾ ਇਹੀ ਉਤਰ ਹੋਵੇਗਾ ਕਿ ਜੇਹੜੇ ਜਨੇਊ ਅਤੇ ਮੁੰਡਨ ਦੇ ਵਿਰੁਧ ਹੋਣਗੇ ਉਨ੍ਹਾਂ ਹੀ ਕਿਸੇ ਸਮੇ ਛਪੇਖਾਨੇ ਵਿਚ ਛਾਪ ਜਾਣ ਤੋਂ ਪਹਿਲਾਂ ਕਢੀਆਂ ਹੋਣਗੀਆਂ ਹੋਰ ਵੀ ਇਸੇ ਗਿਆਨੀ ਅਬਾਦਉਲਾ ਨੇ ਰਤਨ ਮਾਲਾ, ਹਕੀਕਤ ਰਾਹ ਮੁਕਾਮ ਦੀ ਸਾਖੀ ਆਦਕ ਕਰਤਾਰ ਪੁਰੀ ਬੀੜ ਵਿਚ ਹਵਾਲੇ ਨਾਲ ਸਾਬਤ ਕਰਕੇ ਭੇਦ ਦਰਸਾਏ ਹਨ । ਤਾਂਤੇ ਕੇਵਲ ਕੰਨੇ ਮਾਤ੍ਰਾ ਦਾ ਹੀ ਫਰਕ ਨਹੀਂ ਬਹੁਤ ਹੈ, ਅਤੇ ਮੇਰੀਆਂ ਪੁਛਾਂ ਤੇ ਭਾਈ ਸੇਵਾ ਸਿੰਘ ਜੀ ਦੇ ਉਤਰ ਦੇ ਸਫੇ ੨੫ ਅਤੇ ੩੫ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ਬਿ: ੧੬੬੨ ਨੂੰ ਨੂੜੇ ਸੰਧੂ ਪਾਸੋਂ ਲਿਖਵਾਈ ਬੀੜ, ਜੋ ਰਾਵਲ ਪਿੰਡੀ ਮਹਲਾ ਸੈਦ ਪੁਰੀ ਧਰਮਸਾਲਾ ਬਾਬਾ ਖੁਸ਼ਹਾਲ ਸਿੰਘ ਭਲੇ ਵਾਲੀ ਵਿਚ ਬ੍ਰਾਜਮਾਨ ਸੀ, ਤੇ ਭਾਈ ਬਖਤੇ ਅਟੋੜੇ ਵਾਲੀ ਬੀੜ ਦਾ ਵੀ ਭੇਦ ਦਿਖਾਇਆ ਹੋਇਆ ਹੈ, ਉਥੋਂ ਹੀ ਖੁਦ ਦੇਖ ਸਕਦੇ ਹੋ ਇਥੇ ਲਿਖਣ ਦੀ ਜਰੂਰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ, ਪ੍ਰੰਤੂ ਇਥੇ ਇਕ ਗਲ ਦੱਸਣ ਵਾਲੀ ਇਹ ਹੈ ਕਿ ਉਪ੍ਰੋਕਤ ਸਫਾ ੩੫ ਤੇ ਤਵਾਰੀਖ ਗੁਰੂ ਖਾਲਸਾ ਦਾ ਬਖਤੇ ਅਰੋੜੇ ਵਾਲੀ ਬੀੜ ਬਾਬਤ ਹਵਾਲਾ ਦਿਤਾ ਹੈ ਕਿ ਜਦ ਗੁਰੂ ਅਰਜਨ ਸਾਹਿਬ ਜੀ ਗ੍ਰੰਥ ਤ੍ਰਿਆਰ ਕਰਨ ਲਗੇ ਤਾਂ ਉਨ੍ਹਾਂ ਦੇਸ਼ ਦੇਸ਼ਾਤ੍ਰਾਂ ਦੇ ਸਿਖਾਂ ਨੂੰ ਹੁਕਮਨਾਮੇ ਭੇਜੇ ਕਿ ਜਿਸ ਕਿਸੇ ਪਾਸ ਕੋਈ ਸ਼ਬਦ ਅਥਵਾ ਬਾਣੀ ਹੈ ਉਹ ਲੈ ਆਵੇ। ਤਾਂ ਭਾਈ ਬਖਤਾ ਅਰੋੜਾ ਗੁਰੂ ਕਾ ਸਿਖ ਜਲਾਲ ਪੁਰੀਆ ਪ੍ਰਗਣੇ ਹਸਨ ਅਬਦਾਲ ਵਾਲਾ ਇਕ ਵਡਾ ਸਾਰਾ ਪੁਸਤਕ ਜੋ ਉਸਨੇ ਆਦਿ ਗੁਰੂ ਥੀਂ ਲੈਕੇ ਚੌਹਾਂ ਗੁਰੂਆਂ ਦੇ ਪਾਸ ਰਹਿਕੇ ਲਿਖਿਆ ਸੀ, ਸੋ ਹੁਣ ਪੰਜਵੇਂ ਗੁਰੂ ਪਾਸ ਲੈ ਆਯਾ, ਉਸ ਵਿਚੋਂ ਜੋ ਬਾਣੀ ਗੁਰੂ ਦੀ ਇਛਿਆ ਹੋਈ ਉਹ ਲਿਖ ਲਈ ਤੇ ਪੁਸਤਕ ਉਸਨੂੰ ਮੋੜ ਦਿਤਾ, ਹੁਣ ਉਹ ਪੁਸਤਕ ਉਸਦੀ ਔਲਾਦ ਵਿਚ ਬੂਟਾ ਸਿੰਘ ਪਸਾਰੀ ਪਾਸ ਰਾਵਲ ਪਿੰਡੀ ਹੈ (ਸੀ) ਅਸਾਂ ਉਸਨੂੰ ਵੇਖਿਆ ਹੈ ਬੀੜ ਨੂੰ ਇਕ ਆਦਮੀ ਮਸਾਂ ਚੁਕ ਸਕਦਾ ਹੈ। ਬਾਣੀ ਐਤਨੀ ਹੈ ਜਾਣੋ ਇਸ ਗ੍ਰੰਥ ਸਾਹਿਬ ਜੀ ਦਾ ਖਜ਼ਾਨਾ ਹੈ, ਦਸਤਖਤ ਉਸ ਤੇ ਦਸਾਂ ਹੀ ਗੁਰੂਆਂ ਦੇ ਹਨ ਕਿਉਂਕਿ ਬਖਤੇ ਦੇ ਪੁਤਰ ਪੋਤਰੇ ਗੁਰੂਆਂ ਦੇ ਦਸਤਖਤ ਕਰਵਾ ਲਿਆਉਂਦੇ ਰਹੇ ਇਹ ਤਵਾਰੀਖ ਦੇ ਹਵਾਲੇ ਵਿਚੋਂ ਇਹ ਸਿਧ ਹੁੰਦਾ ਹੈ ਕਿ ਇਹ ਬੀੜ ਹੀ ਪ੍ਰਮਾਣੀਕ ਹੈ ਜਿਸਨੂੰ ਆਪਣੇ ਆਪਣੇ ਸਮੇ ਵਿਚ ਦਸਾਂ ਹੀ ਗੁਰੂ ਸਾਹਿਬਾਂ ਪ੍ਰਵਾਨ ਕੀਤਾ ਹੈ, ਕਿਉਂਕਿ ਪ੍ਰਵਾਨ ਨਾ ਕਰਦੇ ਤਾਂ ਬਖਤੇ ਦੇ ਪੁਤਰ ਪੋਤਰਿਆਂ (ਔਲਾਦ) ਨੂੰ ਦਸਤਖਤ ਹੀ ਕਰਕੇ ਨ ਦਿੰਦੇ, ਪਰ ਇਹ ਬੀੜ ਛਾਪੀ ਹੀ ਨਹੀਂ ਗਈ।

ਹਕੀਮ—ਗਿਆਨੀ ਅਬਾਦਉਲਾ ਮੁਸਲਮਾਨ ਹੈ, ਉਸਦੇ ਬਣੇ ਪੁਸਤਕ ਦੇ ਪ੍ਰਮਾਣ, ਕੀ, ਸਚਾਈ ਰਖਦੇ ਹੋਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਵਾਮੀ ਜੀ—ਹਿੰਦੂ, ਸਿਖ, ਮੁਸਲਮਾਨ ਆਦਿਕ ਖੋਜੀ ਹਰ ਇਕ ਹੋ ਸਕਦਾ ਹੈ, ਪਰੰਤੂ ਗਿਆਨੀ ਅਬਾਦਉਲਾ ਨੇ ਹਵਾਲੇ ਸਾਰੇ ਸਿਖ ਗ੍ਰੰਥਾਂ ਦੇ ਹੀ ਦਿਤੇ ਹੋਇ ਹਨ ਵਿਚੋਂ ਕਈ ਹਵਾਲੇ ਮੈਂ ਉਨਾਂ ਗ੍ਰੰਥਾਂ ਨਾਲ ਮਿਲਾਕੇ ਵੀ ਦੇਖੇ ਹਨ ਉਹ ਠੀਕ ਹੀ ਨਿਕਲੇ ਹਨ। ਇਸ ਲਈ ਗ੍ਰਹਿਨ ਕਰਨੇ ਕੋਈ ਹਰਜ ਨਹੀਂ, ਦੂਜਾ ਗਿਆਨੀ ਅਬਾਦਉਲਾ ਜੀ ਦੀ ਇਹ ਪੁਸਤਕ, ਭਾਈ ਮੇਵਾ ਸਿੰਘ ਨਾਲ ਬਹਿਸ (ਪ੍ਰਸ਼ਨ ਉਤਰਾਂ) ਦੀ ਹੈ, ਵਿਰੋਧੀ ਪੁਰਸ਼ ਬਹਿਸ ਵਿਚ ਮੁਕਾਬਲੇ ਤੇ ਪ੍ਰਮਾਣ ਗਲਤ ਪੇਸ਼ ਕਰਨ ਦਾ ਹੌਸਲਾ ਨਹੀਂ ਰਖਦਾ ਕਿਉਂਕਿ ਉਸਨੂੰ ਆਪਣੇ ਤਤਕਾਲ ਪਖ ਡਿਗਣ ਦਾ ਡਰ ਹੁੰਦਾ ਹੈ।

ਹਕੀਮ—ਮੈਂ ਕਈ ਗਿਆਨੀਆਂ ਕੋਲੋਂ ਸੁਣਿਆ ਹੈ ਕਿ ਭਾਈ ਬੰਨੋ ਵਾਲੀ ਬੀੜ ਨੂੰ ਪੰਜਵੇਂ ਗੁਰੂ ਜੀ ਨੇ ਖਾਰੀ ਕਹਿ ਕੇ ਅਪ੍ਰਵਾਨ ਕਰ ਦਿਤਾ ਸੀ, ਤੇ ਕਰਤਾਰ ਪੁਰ ਵਾਲੀ ਨੂੰ ਮਿਠੀ ਕਹਿ ਕੇ ਪ੍ਰਵਾਨ ਕੀਤਾ ਸੀ, ਇਸ ਲਈ ਕਰਤਾਰ ਪੁਰੀ ਬੀੜ ਹੀ ਪ੍ਰਮਾਣੀਕ ਮੰਨੀ ਗਈ ਹੈ।

ਸੁਵਾਮੀ ਜੀ—ਅਗਰ ਕਰਤਾਰ ਪੁਰ ਵਾਲੀ ਪ੍ਰਮਾਣੀਕ ਮੰਨੀ ਗਈ ਹੈ ਤਾਂ ਕਰਤਾਰ ਪੁਰ ਵਾਲੀ ਨੂੰ ਹੀ ਕਿਉਂ ਨਾ ਛਾਪ ਦਿਤਾ ਗਿਆ, ਤੇ ਆਪ ਜੀ ਨੇ ਉਸੇ ਨੂੰ ਗੁਰਿਆਈ ਦਿਤੀ ਵੀ ਕਿਉਂ ਨਾ ਕਹਿ ਦਿਤੀ, ਬਾਕੀ ਜੇਕਰ ਗੁਰੂ ਜੀ ਨੇ ਖਾਰੀ, ਕਹਿਕੇ ਅਪ੍ਰਵਾਨ ਕਰ ਦਿਤੀ ਸੀ ਤਾਂ, ਸਿਖ ਧਰਮ ਖਾਲਸਾ ਪੰਥ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸ਼ਤ੍ਰ. ਦੇ ਸਫੇ ੪੯ ਤੇ ਲਿਖਿਆ ਹੈ ਕਿ, ਭਾਈ ਬੰਨੋ ਜੀ ਦੀ ਬੀੜ ਦੀ ਬਾਣੀ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ ਜੋ ਪਹਿਲੀ ਬੀੜ ਸ੍ਰੀ ਗੁਰੂ ਦਸਮੇਂ ਪਾਤਸ਼ਾਹ ਜੀ ਨੇ ਲਿਖਵਾਕੇ ਤਿਆਰ ਕਰਵਾਈ ਇਸਦੀ ਲਿਖਾਈ ਦਾ ਭੋਗ ਸੰ: ੧੭੪੮ ਵਿਚ ਪਾਇਆ ਇਹ ਬੀੜ ਹੁਣ ਤਖਤ ਪਟਣੇ ਸਾਹਿਬ ਪਰ ਬ੍ਰਾਜਮਾਨ ਹੈ, ਪਹਿਲੀ ਪੌੜੀ ਸ੍ਰੀ ਗੁਰੂ ਦਸਮੇ ਪਾਤਸ਼ਾਹ ਜੀ ਦੇ ਖਾਸ ਦਸਤਖਤਾਂ ਦੀ ਇਸਦੇ ਆਦਿ ਵਿਚ ਲਿਖੀ ਹੈ, ਵਡਾ ਬਾਬਾ ਇਸਨੂੰ ਕਹੀ ਦਾ ਹੈ, ਜਦ ਦੇ ਪਟਣੇ ਸਾਹਿਬ ਗਏ ਹਨ ਤਖਤ ਤੋਂ ਹੇਠਾਂ ਨਹੀਂ ਉਤਾਰੇ ਗਏ, ਪੂਰਨਮਾਸ਼ੀ ਅਤੇ ਇਕਾਦਸ਼ੀ ਨੂੰ ਪ੍ਰਕਾਸ਼ ਹੁੰਦਾ ਹੈ.........ਇਸ ਲੇਖ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਭਾਈ ਬੰਨੋ ਵਾਲੀ ਬੀੜ ਨੂੰ ਖਾਰੀ ਕਹਿਕੇ ਅਪ੍ਰਵਾਨ ਕਰ ਦਿਤਾ ਸੀ, ਤਾਂ ਸ੍ਰੀ ਦਸਮੇਸ਼ ਜੀ ਨੇ ਉਸੇ ਬੀੜ ਵਿਚ ਹੀ ਆਪਣੇ ਪਿਤਾ ਜੀ ਦੀ ਬਾਣੀ ਸ਼ਾਮਲ ਕਰਕੇ ਤਿਆਰ ਕਰਵਾਈ ਤੇ ਪਹਿਲੀ ਪਉੜੀ ਆਪਣੀ ਹਥੀਂ ਲਿਖਕੇ ਦਸਤਖਤਾਂ ਦੀ ਪ੍ਰਵਾਨਗੀ ਦੀ ਮੋਹਰ ਵੀ ਲਾ ਦਿਤੀ, ਸਾਬਤ ਹੁੰਦਾ ਹੈ ਕਿ ਦਸਮੇਸ਼ ਜੀ ਨੇ ਪੰਜਵੇਂ ਗੁਰੂ ਜੀ ਦੇ ਖਾਰੀ ਕਹਿਕੇ ਅਪ੍ਰਵਾਨ ਕੀਤੇ ਹੋਣੇ ਨੂੰ ਰਦ ਕਰ ਦਿਤਾ ਤਾਂਤੇ ਪ੍ਰਵਾਨਗੀ ਦੀ ਮੋਹਰ ਜਦ ਭਾਈ ਬੰਨੋ ਵਾਲੀ ਤੇ ਲਾ ਦਿਤੀ ਤੇ ਤਿਆਰ ਵੀ ਆਪ ਕਰਵਾਈ ਤਾਂ ਗੁਰਿਆਈ ਦਮਦਮੀ ਬੀੜ ਨੂੰ ਦਿਤੀ ਕਿਵੇਂ ਮੰਨੀ ਜਾ ਸਕੇਗੀ, ਔਰ ਭਾਈ ਬੰਨੋ ਜੀ ਦੇ ਮਾਂਗਟਾਂ ਦੇ ਵਾਸੀ ਸ੍ਰੀਮਾਨ ਭਾਈ ਮੋਤਾ ਸਿੰਘ ਜੀ ਨੇ ਵੀ, ਸ੍ਰੀ ਗਰੂ ਮਹਿਮਾਂ ਪ੍ਰਕਾਸ਼, ਦੇ ਸਫੇ ੧੧੪ ਤੇ ਲਿਖਿਆ ਹੈਕਿ:

> ਭਾਈ ਬੰਨੋ ਜੀ ਗੁਰੂ ਜੀ ਨੂੰ ਕਹਿੰਦੇ ਹਨ ਕਿ, ਗੁਰੂ ਗ੍ਰੰਥ ਸਾਹਿਬ ਕੇ ਪੀਛੇ ਬਾਣੀ ਲਿਖਵਾਈ ਗੁਰ ਆਦਿ, ਆਗੇ ਨਹੀਂ ਆਪ ਕੋ ਭਾਖੀ ਅਬ ਭਾਖੀ ਜੋ ਆਈ ਯਾਦਿ, ਆਪ ਕ੍ਰਿਪਾ ਕਰ ਦੇਖੋ ਪ੍ਰਭ ਜੀ ਸਭ ਬਾਤਨ ਕੇ ਤੁਮ ਉਸਤਾਦ,ਪਾਠ ਕਰਯੋ ਗੁਰ ਅਰਜਨ ਤਬ ਹੀ ਗੁਰ ਨਾਨਕ ਕੇ ਬੰਦੇ ਪਾਦ, ਬਾਣੀ ਗੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਕੀ ਜਾਨੀ ਭਲੀ ਪਛਾਨੀ ਜਗ ਕੇ ਨਾਥ, ਆਛੀ ਜੋ
ਤੁਮ ਨੇ ਲਿਖ ਲੀਨੀ ਕਹਯੋ ਗੁਰੂ ਭਾਈਕੇ ਸਾਥ, ਹਮ ਭੀ ਲੇਤ
ਚਢਾਇ ਗ੍ਰੰਥ ਪਰ ਪਹਿਲੇ ਜੇ ਆਵਤ ਹਮ ਹਾਥ, ਅਬ ਜਿਹ
ਬੀੜ ਦੂਸਰੀ ਹੋਈ ਤੁਹਿ ਨਾਮ ਕੀ ਕੀ ਚਲ ਹੈ ਗਾਥ,...
ਭਾਈ ਭਾਖਯੋ ਸਹੀ ਆਪ ਕੀ ਹੋਇ ਤਾਂ ਹੈ ਜਗ ਮਹਿ ਪ੍ਰਵਾਨ,
ਸਹੀ ਪਾਇ ਦੀਨੀ ਗੁਰ ਅਰਜਨ ਭਾਈ ਕੋ ਲੀਨੋ ਦਚ ਮਾਨ'

ਇਸ ਲੇਖ ਅਨੁਸਾਰ ਸਾਬਤ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਬੰਨੋ ਜੀ ਵਾਲੀ ਬੀੜ ਨੂੰ ਖਾਰੀ ਕਹਿਕੇ ਅਪ੍ਰਵਾਨ ਨਹੀਂ ਕੀਤਾ ਉਲਟਾ ਆਪਣੇ ਦਸਤਖਤਾਂ ਦੀ ਸਹੀ ਪਾ ਦਿਤੀ। ਭਾਵ ਪ੍ਰਵਾਨਗੀ ਦੀ ਮੋਹਰ ਲਾ ਦਿਤੀ ਤੇ ਇਹ ਵੀ ਕਿਹਾ ਕਿ ਹੱਛਾ ਹੋਇਆ ਜੋ ਆਪ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਲਿਖ ਲਈ ਹੈ, ਸਾਨੂੰ ਪਹਿਲੇ ਯਾਦ ਆਉਂਦੀ ਤਾਂ ਅਸੀਂ ਵੀ ਚੜ੍ਹਾਇ ਲੈਂਦੇ, ਬਲਕਿ ਬਾਣੀ ਬਿਉਰੇ, ਵਿਚ ਵੀ ਲਿਖਿਆ ਹੈ ਕਿ, ਦੂਜੀ ਭਾਈ ਬੰਨੋ ਜੀ ਵਾਲੀ ਜੋ ਮਾਂਗਟਾਂ ਵਿਚ ਬੰਨੋਆਣੀਆਂ ਪਾਸ ਹੈ, ਦੀ ਟਿਪਣੀ ਵਿਚਲਿਖਿਆ ਹੈ ਕਿ, ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਪਤ ਦੋ ਜਗਹ ਦਸਤਖਤ ਹਨ, ਇਕ ਜਗਹ ਪੰਜਵੇਂ ਸਾਹਿਬਾਂ ਦੇ, ਦੂਜੀ ਜਗਹ ਛੇਵੇਂ ਸਾਹਿਬਾਂ ਦੇ, ਸ਼ਾਇਦ ਇਹੋ ਦੋ ਗੁਰੂ ਸਾਹਿਬਾਂ ਦੇ ਦਸਤਖਤ ਵੇਖਕੇ ਹੀ ਉਤੇ ਕਥਨ ਅਨੁਸਾਰ ਸ੍ਰੀ ਦਸਮੇਸ਼ ਜੀ ਨੇ ਵੀ ਤਿਆਰ ਕਰਵਾਈ ਤੇ ਪ੍ਰਵਾਨਗੀ ਦੀ ਮੋਹਰ ਲਾ ਦਿਤੀ ਹੋਵੇਗੀ, ਔਰ ਤਵਾਰੀਖ ਗੁਰੂ ਖਾਲਸਾ, ਵਿਚ ਵੀ ਲਿਖਿਆ ਹੈ ਕਿ, ਸ੍ਰੀ ਗੁਰੂ ਸਾਹਿਬਾਂ ਨੇ ਇਸਦਾ ਨਾਂ ਖਾਰੀ ਬੀੜ ਤਾਂ ਕਹਿ ਦਿਤਾ ਪਰ ਮੰਨਣ ਪੂਜਣ ਵਿਚ ਦੋਹਾਂ ਦਾ ਮਹਾਤਮ ਇਕੋ ਜਿਹਾ ਹੈ. ਇਸਤੋਂ ਵੀ ਇਹ ਸਾਬਤ ਹੁੰਦਾ ਹੈ ਕਿ ਕਰਤਾਰ ਪੁਰੀ ਅਤੇ ਭਾਈ ਬੰਨੋ ਵਾਲੀ ਬੀੜ ਦੇ ਮੰਨਣ ਪੂਜਣ ਦੇ ਮਹਾਤਮ ਵਿਚ ਕੋਈ ਫਰਕ ਨਹੀਂ, ਪਰ ਖਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿਣ ਦਾ ਅਸਰ ਕੀ, ਸਿਧ ਹੋਇਆ। ਔਰ ਮੇਰੀਆਂ ਪੁਛਾਂ ਤੇ ਭਾਈ ਮੇਵਾ ਸਿੰਘ ਜੀ ਦੇ ਉੱਤਰ, ਪੁਸਤਕ ਦੇ ਸਫਾ ੧੯ ਤੇ ਸ੍ਰੀਮਾਨ ਭਾਈ ਸਾਹਿਬ ਭਾਈ ਠਾਕੁਰ ਸਿੰਘ ਜੀ ਦੀ (ਗੁਰਦੁਆਰੇ ਦਰਸ਼ਨ ਪੰਨਾ ਪ੧੯) ਦਾ ਹਵਾਲਾ ਦੇਕੇ ਰਾਇ ਪ੍ਰਗਟ ਕੀਤੀ ਹੈ ਕਿ ਬਹੁਤ ਸਾਰੇ ਸਿਖ ਪੰਥ ਦੇ ਲੋਕ ਇਸ ਬੀੜ ਨੂੰ ਖਾਰੀ ਕਹਿੰਦੇ ਹਨ, ਇਹ ਭੁਲ ਹੈ, ਜਿਸਤਰ੍ਹਾਂ ਕਰਤਾਰ ਪੁਰ ਵਾਲੀ ਬੀੜ ਭਾਈ ਗੁਰਦਾਸ ਜੀ ਦੀ ਬੀੜ ਕਹੀ ਜਾਂਦੀ ਹੈ ਇਸਤਰ੍ਹਾਂ ਖਾਰੇ ਪਿੰਡਵਾਲੀ ਬੀੜਭਾਈ ਬੰਨੋ ਵਾਲੀ ਨੂੰ ਕਹਿੰਦੇ ਹਨ, ਇਸ ਲੇਖ ਅਨੁਸਾਰ ਇਹ ਸਾਬਤ ਹੁੰਦਾ ਹੈ ਕਿ ਜਿਵੇਂ ਕਰਤਾਰਪੁਰ ਵਿਚ ਬ੍ਰਿਾਜਮਾਨ ਹੋਣ ਕਰਕੇ ਭਾਈ ਗੁਰਦਾਸ ਵਾਲੀ ਬੀੜ ਕਰਤਾਰ ਪੁਰੀ ਕਹੀ ਜਾਂਦੀ ਹੈ, ਤਿਵੇਂ ਖਾਰੇ ਪਿੰਡ ਵਿਚ ਭਾਈ ਬੰਨੋ ਜੀ ਵਾਲੀ ਬੀੜ ਬ੍ਰਿਾਜਮਾਨ ਹੋਣ ਕਰਕੇ ਉਸ ਨੂੰ ਖਾਰੀ ਕਿਹਾ ਜਾਂਦਾ ਰਿਹਾ ਹੈ, ਵਾਸਤਵ ਵਿਚ ਖਾਰੀ ਕਹਿਕੇ ਗੁਰੂ ਜੀ ਨੇ ਅਪ੍ਰਵਾਨ ਨਹੀਂ ਸੀ ਕੀਤਾ, ਮੈਨੂੰ ਖੁਦ ਕਈ ਵੇਰ ਮਾਂਗਟਾਂ ਵਿਚ ਜਾਣਦਾ ਮੌਕਾ ਮਿਲਿਆ ਸੀ। ਉਥੋਂ ਦੇ ਬਜੁਰਗ ਲੋਕ ਇਹ ਗਲ ਆਖਿਆ ਕਰਦੇ ਸਨ ਕਿ ਇਸ ਮਾਂਗਟ ਪਿੰਡ ਦਾ ਨਾਂ, ਹੀ ਪੁਰਾਣਾਂ ਪਹਿਲੇ ਖਾਰਾ ਪਿੰਡ ਕਿਹਾ ਜਾਂਦਾ ਹੁੰਦਾ ਸੀ, ਸ਼ਾਇਦ ਉਸ ਵਕਤ ਉਸ ਖਾਰੇ (ਮਾਂਗਟ) ਪਿੰਡ ਵਿਚ ਹੋਣ ਕਰਕੇ ਖਾਰੀ ਬੀੜ ਕਹੀ ਜਾਂਦੀ ਰਹੀ ਹੋਵੇ ਤਾਂ ਵੀ ਕੋਈ ਵਡੀ ਗਲ ਨਹੀਂ।

ਹਕੀਮ—ਪ੍ਰਵਾਨਗੀ ਦੀ ਮੋਹਰ ਚਾਹੇ ਕਰਤਾਰ ਪੁਰੀ ਬੀੜ ਪਰ ਦੋਹਾਂ ਗੁਰੂ ਸਾਹਿਬਾਂ ਦੇ ਦਸਤਖਤ ਸਾਬਤ ਹੋ ਰਹੇ ਹਨ। ਔਰ ਭਾਈ ਬੰਨੋ ਜੀ ਵਾਲੀ ਪਰ ਵੀ ਦੋਹਾਂ ਗੁਰੂ ਸਾਹਿਬਾਂ ਦੇ ਦਸਤਖਤ ਅਤੇ ਸ੍ਰੀ ਦਸਮੇਸ਼ ਜੀ ਨੇ ਵੀ ਪਿਤਾ ਜੀ ਦੀ ਬਾਣੀ ਚੜ੍ਹਾਕੇ ਪ੍ਰਵਾਨ ਕੀਤੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰ ਭਾਈ ਬਖਤੇ ਅਰੋੜੇ ਵਾਲੀ ਪਰ ਦਸਾਂ ਹੀ ਗੁਰੂ ਸਾਹਿਬਾਂ ਦੇ ਦਸਤਖਤਾਂ ਦੀ ਪ੍ਰਵਾਨਗੀ ਹੋਣ ਕਰਕੇ ਪ੍ਰਮਾਣੀਕ ਹਨ। ਪਰੰਤੂ ਸਾਡੇ ਗੁਰਦੁਆਰੇ ਵਿਚ ਕਈ ਗੁਣੀ ਗਿਆਨੀ ਆਕੇ ਕਥਾ ਪ੍ਰਚਾਰ ਕਰਦੇ ਸਨ ਤੇ ਕਹਿੰਦੇ ਹੁੰਦੇ ਸਨ ਕਿ ਗੁਰਿਆਈ ਸ੍ਰੀ ਦਸਮੇਸ਼ ਜੀ ਨੇ ਦਮਦਮੀ ਬੀੜ ਨੂੰ ਹੀ ਦਿਤੀ ਸੀ।

ਸੁਵਾਮੀ ਜੀ— ਸਚਿਆਈ ਦਾ ਨਿਰਣਯ ਕਿਸੇ ਸਬੂਤ ਨਾਲ ਹੀ ਕੀਤਾ ਜਾ ਸਕਦਾ ਹੈ ਕੇਵਲ ਕਹਿ ਦੇਣੇ ਸੇ ਨਹੀਂ ਹੋ ਸਕਦਾ ਬਿਨਾਂ ਕਿਸੇ ਸਬੂਤ ਤੋਂ ਜੇਕਰ ਹੱਠ ਹੀ ਕੀਤਾ ਜਾਵੇ ਤਾਂ ਵੀ ਜਿਸ ਬੀੜਨੂੰ ਅਜ ਅਸੀਂ ਦਮਦਮੀ ਕਹਿੰਦੇ ਹਾਂ ਏਹ ਵੀ ਨਿਰਸੰਦੇਹ ਦਮਦਮੀ ਨਹੀਂ ਸਿਧ ਹੁੰਦੀ ਕਿਉਂਕਿ ਇਸ ੧੪੩੦ ਸਫੇ ਵਾਲੀ ਛਪੀ ਬੀੜ ਦੇ ਸਫੇ-੩੨੩ ਤੇ (ਗਉੜੀ ਕੀ ਵਾਰ ਮ: ੫) ਦੀ ਸਮਾਪਤੀ ਵਿਚ ਹੁਣ ਵੀ, ਸੁਧ ਕੀਚੇ, ਲਿਖਿਆ ਹੋਇਆ ਹੈ, ਜਿਸਦਾ ਅਰਥ ਸ੍ਰੀਮਾਨ ਗਿਆਨੀ ਬਿਸ਼ਨ ਸਿੰਘ ਜੀ ਨੇ ਆਪਨੇ ਟੀਕੇ ਟਿਪਣੀ ਵਿਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਇਹ ਇਸ਼ਾਰਾ ਕੀਤਾ ਹੈ ਕਿ ਇਸ ਵਾਰ ਨੂੰ ਚੰਗੀਤਰ੍ਹਾਂ ਫੇਰ ਮੁੜਕੇ ਪੜ੍ਹਕੇ ਸੁਧ ਕਰ ਲਉ ਕਿ ਕੋਈ ਅੱਖਰ ਵਧ ਘਟ ਤਾਂ ਨਹੀਂ ਲਿਖਿਆ ਗਿਆ, ਇਸ ਅਰਥ ਅਨੁਸਾਰ ਇਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ, ਕੀ, ਭਾਈ ਗੁਰਦਾਸ ਜੀ ਨੇ ਫਿਰ ਇਹ ਵਾਰ ਪੜ੍ਹਕੇ ਚੰਗੀਤਰ੍ਹਾਂ ਸੁਧ ਨਹੀਂ ਸੀ ਕੀਤੀ, ਅਗਰ ਕੀਤੀ ਸੀ ਤਾਂ ਇਥੇ ਸੁਧ ਕੀਚੇ, ਕਿਉਂ ਲਿਖਿਆ ਰਹਿ ਗਿਆ, ਜੇਕਰ ਸੁਧ ਨਹੀਂ ਸੀ ਕੀਤੀ ਤਾਂ ਹੁਣ ਅਜ ਕਲ ਕੌਣ ਸ੍ਰੀ ਗੁਰੂ ਸਾਹਿਬਾਂ ਤੋਂ ਇਨਾਂ ਸੁਧ ਕਰ ਸਕੇਗਾ, ਤਾਂਤੇ ਸੁਧ ਕਰਨ ਵਾਲੀ ਵਾਰ ਦੇ ਵਿਚ ਹੁੰਦਿਆਂ ਗੁਰਿਆਈ ਕਿਵੇਂ ਸ੍ਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਸਮੇਸ਼ ਜੀ ਦੇ ਸਕਦੇ ਸੀ, ਬਾਕੀ ਸ੍ਰੀ ਦਸਮੇਸ਼ ਜੀ ਨੇ ਜਦ ਆਪਣੇ ਅਨੁਭਵ ਨਾਲ ਸਾਰੀ ਗੁਰੂ ਅਰਜਨ ਦੇਵ ਜੀ ਦੀ ਬੱਧੀ ਬੀੜ ਦੀ ਬਾਣੀ (ਧੀਰ ਮਲੀਆਂ ਦੇ ਬੀੜ ਨਾਂ ਦੇਣ ਕਰਕੇ) ਉਚਾਰਨ ਕੀਤੀ ਤਾਂ ਉਸ ਵਕਤ ਸ੍ਰੀ ਦਸਮੇਸ਼ ਜੀ ਆਪਣੀ ਰਚੀ ਬੀੜ (ਦਮਦਮੀ) ਵਿਚ ਇਹ,ਸੁਧ ਕੀਚੈ, ਪਾਠ ਕਿਵੇਂ ਲਿਖ ਸਕਦੇ ਸਨ ਕਿਉਂਕਿ ਉਨ੍ਹਾਂ ਨੇ ਇਸ ਵਾਰ ਨੂੰ (ਸੁਧ ਕੀਚੇ, ਲਿਖਿਆ ਵੇਖਕੇ) ਚੰਗੀ ਤਰ੍ਹਾਂ ਪੜ੍ਹਕੇ ਸੋਧ ਲਿਆ ਹੋਵੇਗਾ, ਜੇਕਰ ਨਹੀਂ ਸੋਧਿਆ ਤਾਂ ਫਿਰ ਉਹ ਪ੍ਰਸ਼ਨ ਕਿ ਹੁਣ ਕੌਣ ਸੋਧ ਸਕਦਾ ਹੈ। ਅਤੇ ਸ੍ਰੀਮਾਨ ਗਿਆਨੀ ਜੋਧ ਸਿੰਘ ਜੀ ਦੇ ਕਥਨ. ਮੁਕੀ ਗਲ 'ਤਰੁਟੀਆਂ ਪੂਰੀਆਂ ਕਰ ਦਸਮ ਗੁਰਾਂ ਮੁਕੰਮਲ ਸਜਾਇਆ ਈ' ਅਨੁਸਾਰ ਸ੍ਰੀ ਦਸਮੇਸ਼ ਜੀ ਨੇ ਮੁਕੰਮਲ ਕੀ ਕੀਤਾ, ਇਥੋਂ ਹੀ ਸ਼ੱਕ ਪੈਂਦਾ ਹੈ ਕਿ ਇਹ ਬੀੜ ਸ੍ਰੀ ਦਸਮੇਸ਼ ਜੀ ਦੀ ਉਚਾਰੀ ਦਮਦਮੀ ਦਾ ਉਤਾਰਾ ਨਹੀਂ। ਜੇਕਰ ਅਜ ਕਲ ਛਪੀ ਹੋਈ ਮੌਜੂਦਾ ਬੀੜ ਨੂੰ ਭਾਈ ਗੁਰਦਾਸ ਜੀ ਵਾਲੀ (ਕਰਤਾਰ ਪੁਰੀ) ਬੀੜ ਦਾ ਉਤਾਰਾ ਮੰਨੀਏ ਕਿ ਭਾਈ ਗੁਰਦਾਸ ਜੀ ਨੇ ਇਸ ਵਾਰ ਨੂੰ ਚੰਗੀਤਰ੍ਹਾਂ ਪੜ੍ਹ ਤਾਂ ਲਿਆ ਹੋਵੇਗਾ। ਪਰ ਇਹੰ, ਸੁਧ ਕੀਚੇ, ਪਾਠ ਕਟਣਾ ਯਾਦ ਨਹੀਂ ਰਿਹਾ ਹੋਵੇਗਾ ਤਾਂ ਵੀ ਫਿਰ ਇਹ ਦਮਦਮੀ ਬੀੜ ਸਾਬਤ ਨਾ ਹੋਈ ਕਰਤਾਰ ਪੁਰੀ ਹੀ ਹੋਈ, ਅਤੇ ਜੇਕਰ ਇਸਵਾਰ ਵਿਚ ਕਿਸੇ ਅੱਖਰ ਵਧ ਘਟ ਹੋਣ ਦਾ ਫਰਕ ਨਾ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ (ਉਪ੍ਰੋਕਤ ਗਿਆਨੀ ਬਿਸ਼ਨ ਸਿੰਘ ਜੀ ਦੇ ਅਰਥ ਮੁਤਾਬਕ) ਇਹ ਸੁਧ ਕੀਚੇ, ਦਾ ਇਸ਼ਾਰਾ ਕਿਵੇਂ ਕਰ ਸਕਦੇ ਸਨ, ਇਸ ਲਈ ਫਰਕ ਜਰੂਰ ਹੋਵੇਗਾ, ਬਾਕੀ ਅਸਲ ਸ੍ਰੀ ਦਸਮੇਸ਼ ਜੀ ਵਾਲੀ ਬੀੜ ਅਜ ਕਲ ਹਿੰਦੁਸਤਾਨ ਵਿਚ ਹੈ ਨਹੀਂ ਜਿਸ ਨਾਲ ਇਸ ਉਤਾਰੇ ਨੂੰ ਮਿਲਾਕੇ ਸੋਧ ਸਕੀਏ ਕਿਉਂਕਿ ਸ੍ਰੀਮਾਨ ਗਿਆਨੀ ਗਿਆਨ ਸਿੰਘ ਜੀ ਆਪਣੇ ਪੰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਾਸ਼ ਨਿਵਾਸ ੩੬ ਵਿਚ ਲਿਖ ਰਹੇ ਹਨ ਕਿ ਅਸਲ ਦਸਮ ਗੁਰ ਵਾਲਾ ਗ੍ਰੰਥ:--'ਰਹਿਓ ਬ੍ਰਿਧ ਦਲ ਪੈ ਮਧ ਪੰਥ, ਘਲੂ ਘਾਰਾ ਜਬ ਬਡ ਥੀਓ। ਗ੍ਰੰਥ ਦੁਰਾਨੀ ਸ਼ਾਹਿ ਸੋ ਲੀਓ, ਸੋ ਅਬ ਹੈ ਕਾਬਲ ਮਧ ਜਾਨੋ, ਬਡੀ ਧਰਮਸ਼ਾਲਾ ਮੇਂ ਮਾਨੋ।' ਚਾਹੇ ਇਥੇ ਸ੍ਰੀ ਗਿਆਨੀ ਜੀ ਨੇ ਇਸੇ ਦੇ ਉਤਾਰੇ ਚਾਰ, ਅਕਾਲ ਬੁੰਗੇ, ਪਟਣੇ, ਦਮਦਮੇ, ਹਜ਼ੂਰ ਸਾਹਿਬ ਬ੍ਰਾਜਮਾਨ ਮੰਨੇ ਹਨ ਪਰ ਅਸਲ ਬੀੜ ਸ੍ਰੀਦਸਮੇਸ਼ ਜੀ ਵਾਲੀ ਕਾਬਲ ਵਿਚ ਦਸ ਰਹੇ ਹਨ ਜਿਸਤੋਂ ਇਹ ਉਤਾਰੇ ਸੋਧੇ ਜਾ ਸਕਦੇ ਹਨ।

ਹਕੀਮ—ਇਥੇ ਸੁਧ ਕੀਚੇ, ਦਾ ਅਰਥ ਸੁਧ ਕੀਤੀ ਹੋਈ ਹੋ ਸਕੇਗਾ।

ਸੁਵਾਮੀ ਜੀ—ਇੰਜ ਤਾਂ ਹੋ ਸਕਦਾ ਹੈ ਜੇਕਰ ਹੋਰ ਜਗਹ ਵਾਰਾਂ ਦੇ ਅੰਤ ਵਿਚ, ਸੁਧ, ਪਾਠ ਨਾ ਹੁੰਦਾ ਜਦ ਕਈ ਥਾਂਈ ਕੇਵਲ, ਸੁਧ, ਲਿਖਿਆ ਹੈ ਤਾਂ ਫਿਰ ਇਸ ਸੁਧ, ਦਾ ਅਰਥ ਕੀ ਕੀਤਾ ਜਾਵੇਗਾ, ਕੀ ਅਸੁਧ, ਜੇਕਰ ਸੁਧ ਦਾ ਅਰਥ, ਸ਼ੁਧ ਹੀ ਹੈ ਤਾਂ ਜਿਥੇ ਜਿਸ ਬਾਣੀ ਦੇ ਪਿਛੇ ਸੁਧ, ਨਹੀਂ ਲਿਖਿਆ ਹੋਇਆ ਹੁੰਦਾ ਉਥੇ ਉਸ ਬਾਣੀ ਨੂੰ ਕੀ, ਸਮਝਣਾ ਚਾਹੀਦਾ ਹੈ ਸੁਧ ਕਿ ਅਸੁਧ, ਸੁਧ ਕੀਚੇ, ਤੇ ਸੁਧ, ਦਾ ਅਰਥ ਬਾਣੀ ਬਿਉਰੇ ਵਿਚ ਵੀ ਲਿਖਿਆ ਹੈ ਕਿ ਸੁਧ, ਪਦ ਵਾਰਾਂ ਦੇ ਅੰਤ ਵਿਚ ਲਿਖਿਆ ਹੈ ਭਾਵ ਇਸਦਾ ਗੁਰੂ ਜੀ ਵਲੋਂ ਭਾਈ ਗੁਰਦਾਸ ਜੀ ਨੂੰ ਸੂਚਨਾ ਹੈ ਕਿ ਇਹ ਵਾਰ ਦੀ ਬਾਣੀ ਸੁਧ ਹੈ, ਇਸਨੂੰ ਲਿਖ ਲਉ, ਪਰੰਤੂ ਇਕੋ ਜਗਹ (ਮ: ੫) ਦੀ ਵਾਰ ਦੇ ਅੰਤ ਵਿਚ, ਸੁਧ ਕੀਚੇ, ਲਿਖਿਆ ਹੈ, ਇਸਦਾ ਭਾਵ ਸਪਸ਼ਟ ਹੈ ਕਿ ਇਸ ਵਾਰ ਨੂੰ ਦੁਬਾਰਾ ਦੇਖ ਲਉ, ਕਈ ਸਿਆਣੇ ਇਉਂ ਭੀ ਕਹਿੰਦੇ ਹਨ ਕਿ ਅੱਠਾਂ ਨਵਾਂ ਰਾਗਾਂ ਦੀ ਸੁਧ ਸੰਗਯਾ ਹੈ, ਜਿਸ ਰਾਗ ਨੂੰ ਸੰਕੀਰਨ ਸੁਰਾਂ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਉਂਦੇ ਹਨ ਉਸਨੂੰ ਸੁਧ ਅਥਵਾ ਸੁਧਾ ਕਹਿੰਦੇ ਹਨ। ਪਰੰਤੂ ਇਥੇ ਇਹ ਭਾਵ ਬਿਵਸਥਾ ਨਹੀਂ ਖਾਂਦਾ, ਵਾਰਾਂ ਨੂੰ ਇਕੋ ਇਕ ਗੀਤ ਤੇ ਗਾਉਂਣ ਲਈ ਛੇਵੇਂ ਸਾਹਿਬਾਂ ਨੇ ਧੁਨਾਂ ਦੀ ਸੂਚਨਾਂ ਲਿਖੀ ਹੈ, ਤਾਂਤੇ ਇਸ ਬਾਣੀ ਬਿਉਰੇ ਦੇ ਕਰਤਾ ਨੇ ਵੀ, ਸੁਧ ਕੀਚੇ, ਦਾ ਅਰਥ ਇਸ ਵਾਰ ਨੂੰ ਦੁਬਾਰਾ ਵੇਖ ਲਉ ਹੀ ਮੰਨਿਆ ਹੈ, ਜਿਸਦਾ ਭਾਵ ਸੰਮੈ ਵਿਚ ਹੀ ਹੈ, ਸੁਧ ਕੀਤਾ ਹੋਇਆ ਨਹੀਂ, ਤਾਂਤੇ ਇਥੇ ਵੱਡੀ ਵੱਡੀ ਗਲ ਦੀ ਸਚਿਆਈ ਲੱਭਣ ਵਾਸਤੇ ਸ੍ਰੀ ਮੁਖ ਵਾਕ ਪ੍ਰਮਾਣ ਦੀ ਲੋੜ ਹੈ ਜੋ ਮਿਲਦਾ ਨਹੀਂ।

ਹਕੀਮ-ਮੈਂ ਕਈ ਗਿਆਨੀਆਂ ਕੋਲੋਂ ਸੁਣਿਆ ਹੈ ਕਿ ਸ੍ਰੀ ਦਸਮੇਸ਼ ਜੀ ਨੇ ਪੰਜ ਪਿਆਰੇ ਅਤੇ ਪੰਥ ਨੂੰ ਵੀ ਗੁਰੂ ਕਿਹਾ ਹੈ, ਇਸ ਲਈ ਪੰਜ ਪਿਆਰੇ ਜਾਂ ਪੰਥ ਜੋ ਕਹਿ ਦੇਵੇ ਉਹੋ ਹੀ ਸਚਿਆਈ ਮੰਨੀ ਜਾ ਸਕਦੀ ਹੈ।

ਸੁਵਾਮੀ ਜੀ-ਇੰਜ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ, ਸ੍ਰੀ ਦਸਮੇਸ਼ ਜੀ ਨੇ ਸੰਤ ਸਿੰਘ ਜੀ ਨੂੰ ਗੁਰਿਆਈ ਦਿੱਤੀ ਹੈ, ਬਾਕੀ ਤੁਸੀਂ ਕਹਿ ਰਹੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਹੈ ਤੀਜਾ ਅਸੀਂ ਕਈ ਥਾਂਈ ਪੜ੍ਹਦਿਆਂ ਨੂੰ ਸੁਣਦੇ ਹਾਂ ਕਿ, 'ਜਗ ਮਗ ਜੋਤਿ ਬ੍ਰਾਜ ਰਹੀ ਸ੍ਰੀ ਅਬਚਲ ਨਗਰ ਅਪਾਰ, ਗੁਰੂ ਸਾਹਿਬਾਂ ਦੀ ਜੋਤਿ, ਸ੍ਰੀ ਅਬਚਲ ਨਗਰ ਵਿਖੇ ਬਰਾਜ ਰਹੀ ਹੈ, ਚੌਥਾ ਪੰਥ ਗੁਰੂ, ਪੰਜਵਾਂ ਪੰਜ ਪਿਆਰੇ ਗੁਰੂ, ਛੇਵਾਂ ਗੁਰੂ ਪਦ ਪਰਕਾਸ਼ ਹਿਸਾ ੩ ਸਫਾ ੮੧੯ ਤੇ ਸੂਰਜ ਪ੍ਰਕਾਸ਼ ਦਾ ਹਵਾਲਾ ਦੇਕੇ ਦੀਵਾਨ ਨੰਦ ਲਾਲ ਜੀ ਨੂੰ ਵੀ 'ਗੁਰੂ' ਲਿਖਿਆ ਹੈ। ਯਥਾ: ਇਕ ਵਾਰ ਇਕ ਸਯਦ ਨੇ ਗੁਰੂ ਜੀ ਨੂੰ ਮਥਾ ਟੇਕਿਆ ਗੁਰੂ ਜੀ ਨੇ ਪੁਛਿਆ ਸਯਦ ਸਾਹਿਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਦਾ ਗੁਰੂ ਕੌਣ ਹੈ, 'ਸੁਣ ਸਯਦ ਬੋਲਿਓ ਤਿਸ ਬੇਰਾ। ਨੰਦ ਲਾਲ ਹੈ ਇਹ ਗੁਰ ਮੇਰਾ।' ਕੋਲ ਬੈਠੇ ਭਾਈ ਆਲਿਮ ਸਿੰਘ ਜੀ ਨੇ ਕਿਹਾ, 'ਤੀਨ ਲੋਕ ਪਤਿ ਗੁਰ ਵਿਦਮਾਨੋਂ। ਸਿਖਨ ਕੋ ਤੁਮ ਗੁਰੂ ਬਖਾਨੋ।' ਤਾਂ ਗੁਰੂ ਜੀ ਨੇ ਆਲਿਮ ਸਿੰਘ ਨੂੰ ਹਟਕਦਿਆਂ ਹੋਇਆਂ ਕਿਹਾ, 'ਆਲਿਮ ਸਿੰਘ ਨਾ ਹਟਕ ਪ੍ਰਬੀਨਾ। ਨੰਦ ਲਾਲ ਕੋ ਗੁਰ ਪਦ ਦੀਨਾ। ਗਿਆਨ ਭਜਨ ਕੋ ਰਸਾਇਣ ਜੋਵਾ। ਤਾਂਤੇ ਇਸਕੋ ਗੁਰ ਪਦ ਹੋਵਾ। ਸਤਿਗੁਰ ਨਦਰ ਮੇਹਰ ਕੀ ਧਾਰੇ। ਅਨਿਕ ਗੁਰੂ ਕਰ ਜਸ ਬਿਸਤਾਰੇ।' ਇਸ ਇਤਿਹਾਸਕ ਪ੍ਰਮਾਣ ਦੁਆਰਾ ਦੀਵਾਨ ਨੰਦ ਲਾਲ ਜੀ ਨੂੰ ਵੀ ਗੁਰੂ ਪਦਵੀ ਦਿਤੀ ਗਈ ਤੇ ਹੋਰ ਵੀ ਅਨੇਕ ਗੁਰੂਆਂ ਦੇ ਹੋਣ ਦੀ ਸੂਚਨਾ ਦਿਤੀ ਗਈ ਸਿਧ ਹੋ ਰਹੀ ਹੈ। ਸਤਵਾਂ ਸ੍ਰੀ ਰਾਮ ਕੁਇਰ ਬਾਬਤ ਵੀ ਸੂਰਜ ਪ੍ਰਕਾਸ਼ ਰੁਤ ੪ ਅੰਸੂ ੩੫ ਵਿਚ ਇਹ ਸ਼ਬਦ ਵਰਤੇ ਗਏ ਹਨ, 'ਮੋਹਿ ਸਰੂਪ ਅਹੈ ਸੁ ਤੇਰੋ। ਤੇਰੋ ਅਹੈ ਸੁ ਜਾਨੋ ਮੇਰੋ। ਤੋਹਿ ਮੋਹਿ ਮਹਿ ਭੇਦ ਨ ਕੋਊ। ਏਕ ਰੂਪ ਕੇ ਤਨ ਹੈਂ ਦੋਊ। ਭੇਦ ਲਖਤ ਹੈ ਜੋ ਇਨ ਮਾਹੀ। ਪਰਮ ਰਹਸ ਸੁ ਜਾਨੇ ਨਾਹੀਂ।' ਅਠਵਾਂ ਗਿਆਨੀ ਅਬਾਦਉਲਾ ਨੇ ਮੇਰੀਆਂ ਪੁਛਾਂ ਤੇ ਭਾਈ ਸੇਵਾ ਸਿੰਘ ਜੀ ਦੇ ਉਤਰ, ਸਫ਼ਾ ਪ੯ ਤੇ (ਪੰਥ ਪ੍ਰਕਾਸ਼ ਸਫਾ ੨੫੨) ਪਤਾ ਲਿਖਕੇ ਬੰਦਾ ਬਹਾਦਰ ਵੀ 'ਗੁਰੂ' ਲਿਖਿਆ ਹੈ ਤਾਂ ਇੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਿਆਈ ਅਠਵਾਂ ਹਿਸਾ ਹੀ ਸਿਧ ਹੋਵੇਗੀ। ਬਾਕੀ ਪੰਜ ਪਿਆਰੇ ਪੰਥ ਵਿਚ, ਇਕੋ ਇਕ ਪੰਜ ਵਿਅਕਤੀਆਂ ਮੁਕਰਰ ਨਹੀਂ ਹਨ। ਹਰ ਇਕ ਸ਼ਹਿਰਾਂ ਵਿਚ ਅਲਗ ਅਲਗ ਪੰਜ ਸਿਖਾਂ ਨੂੰ ਪੰਜ ਪਿਆਰੇ ਚੁਣ ਲਿਆ ਜਾਂਦਾ ਹੈ। ਤਾਂਤੇ ਪੰਜ ਪਿਆਰੇ ਗੁਰੂ ਵੀ ਅਨੇਕ ਹੋ ਚੁਕੇ ਤੇ ਹੋ ਜਾਣਗੇ। ਫਿਰ ਗੁਰ ਗਦੀ ਇਕ ਥਾਂ ਤੇ ਬਿਰਾਜਮਾਨ ਨਾ ਹੋ ਸਕੀ। ਔਰ ਨਾ ਹੀ ਦੇਹਧਾਰੀ ਗੁਰੂਆਂ ਦਾ ਆਉਣਾ ਬੰਦ ਹੋ ਸਕਿਆ, ਕਿਉਂਕਿ ਪੰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰੇ ਵੀ ਮਨੁਸ਼ ਦੇਹਧਾਰੀ ਹਨ, ਅਤੇ ਨਾ ਹੀ ਦਸਾਂ ਗੁਰੂਆਂ ਤਕ ਗੁਰੂ ਹੋਣ ਦਾ ਸੰਕੇਤ ਹੀ ਰਿਹਾ। ਔਰ ਪੰਜਾਂ ਦੇ ਮਿਲਕੇ ਗੁਰੂ ਹੋਣ ਵਿਚ ਇਕ ਹੋਰ ਵੀ ਮੁਸ਼ਕਲ ਹੈ, ਓਹ ਇਹ ਕਿ ਇਕਲੇ ਇਕਲੇ ਵਿਚ ਜਦ ਗੁਰੂ ਹੋਣ ਦੀ ਯੋਗਤਾ ਨਹੀਂ ਤਾਂ ਮਿਲਕੇ ਉਹ ਯੋਗਤਾ ਕਿਵੇਂ ਪੈਦਾ ਕਰਨਗੇ। ਕਾਰਨ ਇਹ ਕਿ ਜੇਹੜੀ ਯੋਗਤਾ ਦੀ ਥੁੜ ਇਕ ੨ ਵਿਚ ਹੈ ਉਹ ਮਿਲਕੇ ਪੰਜ ਗੁਣਾਂ ਥੁੜ ਕਠੀ ਹੋਵੇਗੀ ਅਤੇ ਕਈ ਪੰਜਾਂ ਪਿਆ-ਰਿਆਂ ਨੂੰ ਤਾਬਿਆ ਗੁਰੂ ਕਹਿੰਦੇ ਹਨ ਪਰ ਤਾਬਿਆ ਪਦ ਪ੍ਰਾਧੀਨਤਾ ਦਾ ਵਾਚਕ ਹੈ, ਗੁਰੂ ਸੁਤੰਤਰ ਹੈ, ਇਸ ਲਈ ਇਹ 'ਗੁਰੂ' ਪਦ ਨਾਲ ਮੇਲ ਨਹੀਂ ਖਾਂਦਾ। ਔਰ ਅੰਤਾ ਕਰਨ ਤੇ ਇੰਦ੍ਰਿਯਾਂ ਦੁਆਰਾਂ ਕ੍ਰਿਯਾ ਜਾਂ ਉਪਦਸ਼ ਆਦਕ ਕੰਮ ਗੁਰੂ ਦੇ ਮਨੁਸ਼ ਸਰੂਪ ਵਿਚ ਹੋ ਸਕਦੇ ਹਨ ਉਹ ਪੰਥ ਜਾਂ ਪੰਜਾਂ ਪਿਆਰਿਆਂ ਨੂੰ ਸਉਂਪੇ ਜਾਣ ਕਰਕੇ ਬਾਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਿਆਈ ਕੀ ਰਹਿ ਜਾਵੇਗੀ, ਅਤੇ ਪੰਥ ਗੁਰੂ ਦਾ ਨਿਰਣੇ ਕਰਨਾ ਵੀ ਮੁਸ਼ਕਲ ਹੋ ਰਿਹਾ ਹੈ ਕਿਉਂਕਿ ਪੰਥ ਦੇ ਵੀ ਕਈ ਹਿਸੇ ਹਨ। ਨਾਮਧਾਰੀ ਸਿਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਹੀਂ ਮੰਨਦੇ. ਨਿਰਮਲੇ ਸਿਖ ਵੀ ਆਪ ਕਿਸੇ ਗੁਰੂ (ਦੇਹਧਾਰੀ) ਦੇ ਚੇਲੇ ਬਣਕੇ ਹੀ ਸੰਤ ਪਦਵੀ ਲੈਂਦੇ ਹਨ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੁੰਦਿਆਂ ਫਿਰ ਵੀ ਕਿਸੇ ਮਹਾਂ ਪੁਰਸ਼ ਨੂੰ ਗੁਰੂ ਮੰਨਦੇ ਹਨ, ਸੇਵਾ ਪੰਥੀ ਵੀ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਗੁਰੂ ਹੁੰਦਿਆਂ ਵੀ ਕਿਸੇ ਮਹਾਂ ਪੁਰਸ਼ ਦੇ ਚੇਲੇ ਬਣਦੇ ਹਨ, ਜੇਕਰ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਹੀ ਗੁਰੂ ਨਿਸਚੇ ਹੋਵੇ ਤਾਂ ਫਿਰ ਆਪਣੀ ਕਲਿਆਨ ਹਿਤ ਕਿਸੇ ਮਨੁਸ਼ ਸਰੂਪ ਗੁਰੂ ਦੇ ਚੇਲੇ ਬਣਨ ਦੀ ਲੋੜ ਨਹੀਂ ਹੋ ਸਕਦੀ, ਇਸਤੋਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਦੇ ਨਿਸਚੇ ਵਿਚ ਵੀ ਕਲਿਆਨ ਦਾਤਾ ਗੁਰੂ, ਕੋਈ ਮਹਾਂ ਪੁਰਸ਼ ਹੀ ਹੈ ਇਸੇਤਰ੍ਹਾਂ ਹੋਰ ਵੀ ਪੰਥ ਵਿਚ ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰਕੇ ਹਨ, ਬਲਕਿ ਗੁਰਮਤ ਦਰਸ਼ਨ ਵਿਚ ਨਾਮਦੇਵ ਆਦਕ ਭਗਤਾਂ ਦੀ ਬਾਣੀ ਨੂੰ ਪਹਿਲੀ ਅਵਸਥਾ ਦੀ ਬਾਣੀ ਲਿਖਿਆ ਹੈ, ਜਿਸਦਾ ਅਰਥ ਜਹਾਲਤ ਅਵਸਥਾ ਬਣਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਕੇ ਵਿਚ ਲਿਖੀ ਬਾਣੀ ਦੇ ਕਿਸੇ ਹਿਸੇ ਨੂੰ ਇੰਜ ਮੰਨਣਾ ਅਨੁਚਿਤ ਹੋ ਜਾਂਦਾ ਹੈ ਅਤੇ ਬਾਣੀ ਗੁਰੂ ਦੇ ਹਾਮੀ, ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸ੍ਰੀ ਦਸਮੇਸ਼ ਜੀ ਦੇ ਪਿਆਰ ਵਿਚ ਗਾਏ ਹੋਇ ਗੀਤ, ਗੁਰੂ ਪਦ ਪ੍ਰਕਾਸ਼ ਹਿਸਾ ੨ ਸਫਾ ੧੯ ਤੇ ਲਿਖਕੇ ਦਰਸਾਏ ਹੋਇ ਹਨ, ਓਹਨਾਂ ਵਿਚੋਂ ਇਕ ਦੋ ਸਤਰਾਂ ਇਥੇ ਲਿਖਦੇ ਹਾਂ ਫੁਲ ਫੁਲ ਭਾਲਾਂ ਕਰ ਸੰਭਾਲਾਂ ਕਿਤੇ ਨਹੀਂ ਓਹ ਪਿਆਰ ਜੁ ਖੁਦ ਕਰ ਪਿਆਰ ਗਏ ਹੋ............ਮੈਂ ਦੁਖੀਆ ਦਾ ਦਾਰੂ ਦਰਸ਼ਨ ਅਜ ਦੇਉ ਦੀਦਾਰ ਕਿ ਕਰ ਇਕਰਾਰ ਗਏ ਹੋ, ਇਸਤੋਂ ਸਾਬਤ ਹੁੰਦਾ ਹੈ ਕਿ ਭਾਈ ਸਾਹਿਬ ਜੀ ਦਸਾਂ ਗੁਰੂ ਸਾਹਿਬਾਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਦੇ ਪ੍ਰਤਖ ਦਰਸ਼ਨ ਹਰ ਰੋਜ ਕਰਦੇ ਹੋਇ ਵੀ ਉਹ ਪਿਆਰ ਕਿਤੇ ਨਹੀਂ ਵੇਖ ਰਹੇ ਜੋ ਸ੍ਰੀ ਦਸਮੇਸ਼ ਜੀ ਨੇ (ਮਨੁਸ਼ ਸਰੂਪ ਦੇਹਧਾਰੀ) ਗੁਰੂ ਸਰੂਪ ਵਿਚ ਕੀਤਾ ਸੀ, ਤਾਂਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲੇ ਵੀ ਮਨੁਸ਼ ਸਰੂਪ ਦੇਹਧਾਰੀ ਗੁਰੂ ਤੋਂ ਬਿਨਾਂ ਸੰਤੁਸ਼ਟ ਨਹੀਂ ਹੋ ਰਹੇ, ਬਾਕੀ ਜਿਥੇ ਜਿਸ ਖਿਆਲ ਦੇ ਦਸ ਆਦਮੀ ਇਕਠੇ ਹੋ ਗਏ ਉਥੇ ਹੀ ਗੁਰਮੱਤਾ ਕਰਕੇ ਪੰਥਕ ਐਲਾਨ ਜਾਰੀ ਕਰ ਸਕਦੇ ਹਨ, ਤਾਂ ਕੀ, ਨਿਸਚੇ ਹੋ ਸਕਦਾ ਹੈ ਕਿ ਕੇਹੜੇ ਗਰੁਪ ਦਾ ਐਲਾਨ (ਪੰਥ ਗੁਰੂ ਦਾ ਹੁਕਮ) ਸਚਾ ਹੈ ਔਰ ਪੰਥ ਗੁਰੂ ਵੀ ਜੇਕਰ ਪੂਰਨ ਨਿਸਚੇ ਹੋਵੇ ਤਾਂ ਪੰਥ ਗੁਰੂ, ਬਾਬਤ ਵੀ ਇਹੋ ਜਿਹੇ ਕੋਝੇ ਲੇਖ ਲਿਖਣੇ ਅਨੁਚਿਤ ਹੋ ਜਾਂਦੇ ਹਨ ਜਿਹਾ ਕਿ ਗੁਰੂ ਪਦ ਪ੍ਰਕਾਸ਼ ਦੇ ਕਰਤਾ ਨੇ ਹਿਸੇ ੨ ਸਫਾ ੧੧-੧੨-੧੩ ਤੇ ਇਕ ਲੇਖ ਦਰਸਾਯਾ ਹੈ, ਵਾਹ ਖਾਲਸਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੌਮ (ਪੰਥ) ਜਿਕੁਰ ਸਾਰੀ ਦੁਨੀਆਂ ਦੀ ਅਕਲ ਇਕੱਠੀ ਹੋਕੇ ਯੂਰਪ ਵਿਚ ਜਾ ਵੜੀ ਹੈ, ਇਕੁਰ ਹੀ ਸਾਰੇ ਸੰਸਾਰ ਦਾ ਨਿਫਾਕ ਕਠਾ ਹੋਕੇ ਤੇਰੇ ਵਿਚ ਆ ਵਸਿਆ ਹੈ। ਪ੍ਰੇਮ, ਮੈਤ੍ਰੀ, ਹਿਤ, ਸਹਾਰਾ, ਨਿਬਾਹ ਤੇਰੇ ਵਿਚੋਂ ਪਰ ਲਾਕੇ ਉਡ ਗਏ ਹਨ..... ...ਤੇਰੀਆਂ ਸੁਗੰਧੀਆਂ ਅਰਸ਼ਾਂ ਵਿਚ ਚੜ ਗਈਆਂ ਅਰ ਹੁਣ ਵੈਰ ਵਿਰੋਧ ਨਾਲ ਕੁਸ਼ਟੀ ਹਿਰਦਿਆਂ ਦੀ ਦੁਰਗੰਧ ਫੈਲ ਰਹੀ ਹੈ......ਪ੍ਰੇਮੀ ਜੀ ਆਪਣੇ ਗੁਰੂ ਨੂੰ ਇਹੋ ਜਿਹੇ ਸ਼ਬਦ ਨਹੀਂ ਕਹੇ ਜਾ ਸਕਦੇ ਇਸ ਲਈ ਸ੍ਰੀ ਦਸਮੇਸ਼ ਜੀ ਦੀ ਗੁਰਿ-ਆਈ ਦਿਤੀ ਨਿਰਣਯ ਹਿਤ ਸ੍ਰੀ ਮੁਖ ਵਾਕ ਪ੍ਰਮਾਣ ਦੀ (ਸਹਾਇਤਾ ਹਿਤ) ਅਵਸ਼ਯ ਲੋੜ ਹੈ।

ਹਕੀਮ-ਦੀਵਾਨ ਨੰਦ ਲਾਲ, ਆਦਕਾਂ ਦਾ ਗੁਰੂ ਹੋਣਾ ਉਪ੍ਰੋਕਤ ਇਤਿਹਾਸਕ ਪ੍ਰਮਾਣਾਂ ਨਾਲ ਸਿਧ ਕੀਤਾ ਹੈ, ਇਤਿਹਾਸਕ ਪ੍ਰਮਾਣ ਸਾਰੇ ਸਚੇ ਨਹੀਂ ਹੁੰਦੇ।

ਸੁਵਾਮੀ ਜੀ—ਜੇ ਕਦੀ ਕਿਸੇ ਇਤਿਹਾਸਕ ਲੇਖ ਨੂੰ ਸਚਾ ਨਾਂ ਮੰਨਿਆ ਜਾਵੇ ਤਾਂ ਸ੍ਰੀ ਮੁਖ ਵਾਕਾਂ ਵਿਚ. ਨਾਂ ਕਿਸੇ ਗ੍ਰੰਥ ਨੂੰ ਗੁਰਤਾ ਪ੍ਰਾਪਤ ਸਿਧ ਹੋ ਸਕਦੀ ਹੈ ਤੇ ਨਾਂ ਹੀ ਕਿਸੇ ਪੰਜਾਂ ਵਿਅਕਤੀਆਂ, ਜਾਂ ਸਮੁਚੇ ਤੌਰ ਤੇ ਕਿਸੇ ਪੰਥ ਨੂੰ ਗੁਰੂ ਹੋਣਾ ਲਿਖਿਆ ਹੈ,ਬਲਕਿ ਲਿਖਿਆ ਹੈ, ਸਤਿ ਪੁਰਖ ਜਿਨਿ ਜਾਨਿਆ ਸਤਿਗੁਰ ਤਿਸਕਾ ਨਾਉ. ਤਿਸਕੇ ਸੰਗ ਸਿਖ ਉਧਰੈ ਨਾਨਕ ਹਰਿ ਗੁਣ ਗਾਉ:--(ਸੁਖਮਨੀ ਸਾਹਿਬ) ਜਿਸਨੇ ਵੀ ਸਤਿ ਪੁਰਸ਼ ਨੂੰ ਜਾਣਿਆ ਹੈ ਉਸੇ ਦਾ ਨਾਂ, ਹੀ ਸਤਿਗੁਰੂ ਹੋ ਸਕਦਾ ਹੈ, ਤਾਂਤੇ ਬਾਣੀ ਗ੍ਰੰਥ ਨੂੰ ਗੁਰੂ ਸਿਧ ਕਰਨ ਹਿਤ ਕਿਸੇ ਸ੍ਰੀ ਮੁਖਵਾਕ ਪ੍ਰਮਾਣ ਦੀ ਅਵਸ਼ਯ ਲੋੜ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੀਮ-ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰ ਮੁਕਤਿ ਜਨਾਵੈਗੋ, (ਕਾਨੜਾ ਮ: ੪) ਸ੍ਰੀ ਮੁਖਵਾਕ ਪ੍ਰਮਾਣ ਅਨੁਸਾਰ ਸਤਿਗੁਰੂ ਦਾ ਬਚਨ ਹੀ ਸਤਿਗੁਰੂ ਹੈ ।

ਸੁਵਾਮੀ ਜੀ—ਇਸ ਪ੍ਰਮਾਣ ਦਾ ਜੇਕਰ ਇਹ ਮਤਲਬ ਲਿਆ ਜਾਵੇ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਇਹ ਸ਼ਬਦ ਕਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਨੂੰ ਗੁਰਿਆਈ ਦਿਤੀ ਹੈ, ਤਾਂ ਸ੍ਰੀ ਦਸਮੇਸ਼ ਜੀ ਨੇ ਗੁਰਿਆਈ ਦਿਤੀ ਕੀ ਸਿਧ ਹੋਵੇਗੀ, ਕਿਉਂਕਿ ਜੇਕਰ ਚੌਥੀ ਪਾਤਸ਼ਾਹੀ ਨੇ ਹੀ, 'ਬਾਣੀ ਗੁਰੂ ਗੁਰੂ ਹੈ ਬਾਣੀ' ਆਦਕ ਜਾਂ ਸਤਿਗੁਰ ਬਚਨ ਬਚਨ ਹੈ ਸਤਿਗੁਰ ਆਦਿਕ ਉਚਾਰਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਦਿਤੀ ਸੀ, ਤਾਂ ਸ੍ਰੀ ਦਸਮੇਸ਼ ਜੀ ਨੇ ਫਿਰ ਅਗੇ ਦਿਤੀ ਹੋਈ ਗੁਰਿਆਈ ਨੂੰ ਫਿਰ ਹੋਰ ਕੀ ਦੇਣਾ ਸੀ ਅਤੇ ਜੇਕਰ ਇਹ ਗਲ ਮੰਨੀ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸ਼ੁਰੂ ਤੋਂ ਪ੍ਰਾਪਤ ਹੈ ਤਾਂ ਫਿਰ ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਅਮੁਕੇ ਸੰਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਦਸਮੇਸ਼ ਜੀ ਨੇ ਜਾਂ ਕਿਸੇ ਹੋਰ ਗੁਰੂ ਸਾਹਿਬ ਨੇ ਗੁਰਿਆਈ ਦਿਤੀ ਸੀ । ਕਿੰਤੂ ਉਪ੍ਰੋਕਤ ਚੌਥੇ ਗੁਰੂ ਜੀ ਦੇ ਵਾਕਾਂ ਅਨੁਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪ੍ਰਾਪਤ ਹੈ, ਤਾਂ ਵੀ ਗੁਰੂ ਘਰ ਵਿਚ ਇਹ ਨਿਸਚਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪੰਜਵੇਂ ਗੁਰੂ ਜੀ ਨੇ ਹੀ ਬੱਧੀਹੈ ਜਦ ਸ੍ਰੀ ਗੁਰੂ ਰਾਮਦਾਸ ਜੀ ਦੇ ਵਕਤ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੀ ਨਹੀਂ ਸੀ ਬੱਧੀ ਤਾਂ ਉਪ੍ਰੋਕਤ ਚੌਥੇ ਗੁਰੂ ਜੀ ਦੇ ਵਾਕਾਂ ਦੇ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਕਾਇਮ ਕਰਨ ਹਿਤ-'ਬਾਣੀ ਗੁਰੂ ਗੁਰੂ ਹੈ ਬਾਣੀ' ਆਦਕ ਵਾਕ ਉਚਾਰੇ ਗਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਵੇਂ ਮੰਨੇ ਜਾ ਸਕਦੇ ਹਨ, ਜੇਕਰ ਕਿਸੇ ਹੱਠ ਕਰਕੇ ਮੰਨ ਵੀ ਲਈਏ ਤਾਂ ਜਦ ਸ੍ਰੀ ਪੰਜਵੇਂ ਗੁਰੂ ਜੀ ਨੇ ਬੀੜ ਕਾਇਮ ਕਰ ਦਿਤੀ ਤੇ ਚੌਥੇ ਗੁਰੂ ਜੀ ਦੇ ਵਾਕਾਂ ਦੁਆਰਾ ਗੁਰਿਆਈ ਵੀ ਪ੍ਰਾਪਤ ਹੋ ਗਈ ਤਾਂ ਫਿਰ ਛੇਵੇਂ ਗੁਰੂ ਜੀ ਤੋਂ ਲੈਕੇ ਦਸਵੇਂ ਗੁਰੂ ਸਾਹਿਬਾਂ ਤਕ ਪੰਜ ਗੁਰੂ ਕਿਵੇਂ ਹੋ ਸਕਦੇ ਸਨ. ਕਿਉਂਕਿ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਜੁਗੋ ਜੁਗ ਅਟੱਲ ਗੁਰ' ਗੱਦੀ ਤੇ ਬਿਰਾਜਮਾਨ ਹੋ ਗਏ ਤਾਂ ਫਿਰ ਹੋਰ ਕਿਸੇ ਗੁਰੂ ਦੇ ਕਾਇਮ ਹੋਣ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਜੇ ਕੋਈ ਗੁੰਜਾਇਸ਼ ਰਹਿ ਜਾਂਦੀ ਹੈ ਤਾਂ ਸ੍ਰੀ ਦਸਮੇਸ਼ ਜੀ ਦੇ ਗੁਰਿਆਈ ਦੇਣ ਕਰਕੇ ਵੀ ਅਜ ਉਹੋ ਗੁੰਜਾਇਸ਼ ਰਹਿ ਸਕਦੀ ਹੈ। ਇਥੇ ਇਕ ਗਲ ਹੋਰ ਵੀ ਚੇਤੇ ਰਖਣ ਵਾਲੀ ਹੈ ਕਿ ਉਪ੍ਰੋਕਤ ਚੌਥੇ ਸ੍ਰੀ ਗੁਰੂ ਜੀ ਦੇ ਵਾਕਾਂ ਦੇ ਆਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪ੍ਰਾਪਤ ਹੋਣ ਕਰਕੇ ਸ੍ਰੀ ਗੁਰੂ ਦਸਮੇਸ਼ ਜੀ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਮੰਨੇ ਜਾਂਦੇ ਰਹੇ ਸਨ ਕਿ ਨਹੀਂ, ਜੇ ਗੁਰੂ ਮੰਨੇ ਜਾਂਦੇ ਰਹੇ ਸਨ ਤਾਂ ਸ੍ਰੀ ਦਸਮੇਸ਼ ਜੀ ਤਕ ਪੰਜ ਗੁਰੂ ਸਾਹਿਬਾਂ ਨੂੰ ਕੀ ਮੰਨਿਆ ਜਾਂਦਾ ਸੀ, ਜੇਕਰ ਗੁਰੂ ਨਹੀਂ ਮੰਨੇ ਜਾਂਦੇ ਰਹੇ, ਤਾਂ ਉਪ੍ਰੋਕਤ ਚੌਥੇ ਗੁਰੂ ਜੀ ਦੇ 'ਬਾਣੀ ਗੁਰੂ ਗੁਰੂ ਹੈ ਬਾਣੀ' ਆਦਕ ਬਚਨਾਂ ਦਾ ਉਸ ਵਕਤ ਕੀ ਅਰਥ 'ਲਿਆ ਜਾਂਦਾ ਸੀ। ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਹਨ, ਇਹ ਅਰਥ ਨਹੀਂ ਸੀ ਲਿਆ ਜਾਂਦਾ ਤਾਂ ਅਜ ਕਿਵੇਂ ਲਿਆ ਜਾ ਸਕਦਾ ਹੈ ਕਿਉਂਕਿ ਅਰਥ ਇਕੋ ਹੀ ਹੋਣੇ ਚਾਹੀਦੇ ਹਨ ਕਿਸੇ ਸੁਆਰਥ ਦੇ ਵਸ ਵਿਚ ਹੋਕੇ ਅਰਥਾਂ ਦੀ ਅਦਲਾ ਬਦਲੀ ਕਰਨੀ, ਓਹ ਯਥਾਰਥ ਅਰਥ ਨਹੀਂ ਕਹੇ ਜਾ ਸਕਦ, ਅਗਰ ਇਥੇ ਇਹ ਗਲ ਮੰਨ ਲਈ ਜਾਵੇ ਕਿ ਗੁਰੂ ਬਾਣੀ ਨੂੰ ਗੁਰਤ, ਕਿਸੇ ਸਮੇਂ ਵੀ ਨਹੀਂ ਦਿਤੀ ਗਈ। ਕਿੰਤੂ ਗੁਰੂ ਸਾਹਿਬਾਂ ਦੀ ਬਾਣੀ ਹੋਣ ਕਰਕੇ ਹੀ ਗੁਰੂ ਹੈ, ਤਾਂ ਫਿਰ ਪਹਿਲੇ ਹੀ ਗੁਰੂ ਜੀਨੇ ਜੋ ਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਚਾਰਨ ਕੀਤੀ ਉਹੋ ਹੀ 'ਗੁਰੂ' ਹੋ ਗਈ, ਫਿਰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦਾ ਗੁਰੂ ਹੋਣਾ ਹੀ ਸਾਨੂੰ ਸਾਬਤ ਕਰਨਾ ਮੁਸ਼ਕਲ ਹੋ ਜਾਵੇਗਾ, ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਸਿਖਾਂ (ਪੰਥ) ਵਾਸਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੀ 'ਗੁਰੂ' ਕਾਇਮ ਹੋਈ ਤੇ ਫਿਰ ਉਨ੍ਹਾਂ ਨੂੰ ਕਿਸੇ ਹੋਰ ਗੁਰੂ ਦੀ ਲੋੜ ਹੀ ਨਹੀਂ ਰਹਿ ਜਾਂਦੀ, ਤਾਂਤੇ ਬਾਕੀ ਹੋਰ ਗੁਰੂ ਸਾਹਿਬਾਂ ਦੇ ਗੁਰੂ ਹੋਣ ਵਿਚ ਵੀ ਇਹੋ ਗਲ ਹੈ। ਔਰ ਇਸ ਦਲੀਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ 'ਗੁਰੂ' ਨਹੀਂ ਸਿਧ ਕਰ ਸਕਾਂਗੇ। ਕਿਉਂਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ।

ਸੁਖ ਰਾਜੇ ਹਰੀ ਚੰਦ ਘਰ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲ ਗਾਂਵਦੇ ਰਾਤੀ ਜਾਇ ਸੁਣੈ ਗੁਰਬਾਣੀ।
(ਵਾਰ ੧੦ ਪੌੜੀ ੬)

ਰਾਜੇ ਹਰੀ ਚੰਦ ਦੀ ਰਾਣੀ ਰਾਤੀ ਜਾਕੇ ਗੁਰਬਾਣੀ ਸੁਣਦੀ ਹੁੰਦੀ ਸੀ. ਕਿੰਤੂ ਰਾਜਾ ਹਰੀ ਚੰਦ੍ਰ ਜੀ ਕਿਸੇ ਪੁਰਾਣੇ ਜਮਾਨੇ ਸਤਿਜੁਗ ਵਿਚ ਹੋਇ ਹਨ ਉਸ ਵਕਤ ਉਨ੍ਹਾਂ ਦੀ ਰਾਣੀ ਜਿਹੜੀ ਗੁਰਬਾਣੀ ਸੁਣਦੀ ਸੀ ਓਹੋ, ਗੁਰੂ ਬਾਣੀ ਗੁਰੂ ਹੋਣ ਕਰਕੇ (ਜੁਗੋ ਜੁਗ ਅਟੱਲ ਗੁਰ ਗਦੀ ਤੇ ਬ੍ਰਿਾਜਮਾਨ ਹੋ ਸਕਣ ਕਰਕੇ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਹੋਣ ਦੀ ਲੋੜ ਹੀ ਨਹੀਂ ਅਨੁਭਵ ਹੋ ਸਕਦੀ ਅਤੇ ਸ੍ਰੀ ਮੁਖਵਾਕ ਬਾਣੀ ਵਿਚ ਵੀ ਲਿਖਿਆ ਹੈ ਕਿ, ਦੈਤ ਪੁਤ੍ਰ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ। ਸਤਿਗੁਰ ਭੇਟਿਆ ਨਿਰਮਲ ਹੋਆ ਅਨਦਿਨੁ ਨਾਮੁ ਵਖਾਣੈ। (ਸਿਰੀ ਰਾਗ ਮ: ੩) ਜਿਉਂ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰੂ ਸੇਵਕ ਪੈਜ ਰਖਾਵੈਗੋ। ਕਾਨੜਾ ਮ: ੪। ਇਥੇ ਵੀ ਦੈਂਤ ਪੁਤ੍ਰ ਪ੍ਰਹਿਲਾਦ ਨੂੰ ਸਤਿਗੁਰੂ ਮਿਲੇ ਤਾਂ ਮਨ ਨਿਰਮਲ ਹੋਇਆ ਗੁਰੂ ਜੀ ਕਹਿ ਰਹੇ ਹਨ ਔਰ ਪ੍ਰਹਿਲਾਦ ਭਗਤ ਵੀ ਸਤਿਜੁਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੋਇ ਹਨ ਤਾਂ ਤੇ ਸਤਿਜੁਗ ਵਿਚ ਗੁਰੂ ਹੋਣ ਕਰਕੇ ਉਨ੍ਹਾਂ ਦੀ ਸਿਖਿਆ ਹਿਤ ਉਚਰੀ ਹੋਈ ਬਾਣੀ ਸਤਿਜੁਗ ਤੋਂ ਗੁਰੂ ਹੀ ਹੋ ਸਕਦੀ ਸੀ।

ਹਕੀਮ—ਰਾਜੇ ਹਰੀ ਚੰਦ ਜੀ ਦੇ ਵਕਤ ਜੇਹੜੀ ਗੁਰੂ ਬਾਣੀ ਪੜੀ ਸੁਣੀ ਜਾਂਦੀ ਸੀ ਉਸਨੂੰ ਗੁਰਿਆਈ ਕਿਸੇ ਗੁਰੂ ਨੇ ਨਹੀਂ ਸੀ ਦਿਤੀ ਇਸ ਲਈ ਹੋਰ ਗੁਰੂ ਹੋ ਸਕਦੇ ਹਨ।

ਸੁਵਾਮੀ ਜੀ—ਤਾਂ ਫਿਰ ਇਹੋ ਗਲ ਨਿਸਚੇ ਹੋਈ ਕਿ, ਗੁਰੂ ਜੀ ਦੀ ਬਾਣੀ ਹੋਣ ਕਰਕੇ ਬਾਣੀ ਗੁਰੂ ਨਹੀਂ, ਜਿਵੇਂ ਗੁਰੂ ਸਾਹਿਬਾਂ ਦੇ ਪ੍ਰਿਥੀ ਚੰਦ, ਸ੍ਰੀ ਰਾਮ ਰਾਇ ਜੀ ਆਦਿ ਸਾਰੇ ਸੁਪੁਤ੍ਰ ਗੁਰੂਆਂ ਦੀ ਅੰਸ ਹੋਣ ਕਰਕੇ ਵੀ ਗੁਰੂ ਘਰ ਵਿਚ ਗੁਰੂ ਨਹੀਂ ਮੰਨੇ ਜਾਂਦੇ ਤਾਂ ਤੇ ਫਿਰ ਓਹੋ ਸਵਾਲ ਸਾਹਮਣੇ ਆ ਜਾਂਦਾ ਹੈ ਕਿ ਕੇਹੜੀ ਬੀੜ ਜਾਂ ਗੁਰਬਾਣੀ ਨੂੰ ਗੁਰਿਆਈ ਦਿਤੀ ਗਈ ਸੀ।

ਹਕੀਮ—ਗੁਰਿਆਈ ਪੰਜਵੇਂ ਗੁਰੂ ਜੀ ਦੀ ਬੱਧੀ ਬੀੜ ਨੂੰ ਉਪ੍ਰੋਕਤ ਚੌਥੇ ਗੁਰੂ ਜੀ ਦੇ ਵਾਕਾਂ ਦੁਆਰਾ ਹੀ ਪ੍ਰਾਪਤ ਹੋ ਚੁਕੀ ਸੀ, ਪਰੰਤੂ ਸ੍ਰੀ ਦਸਮੇਸ਼ ਜੀ ਗੁਰੂ ਸਾਹਿਬਾਂ ਪ੍ਰਯੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਹੀਂ ਸਨ ਮੰਨੇ ਗਏ, ਕਿਉਂਕਿ ਈਸ਼ਵਰ ਵਲੋਂ ਭੇਜੇ ਹੋਇ ਹੋਰ ਗੁਰੂ ਅਜੇ ਆਉਂਣੇ ਸਨ, ਜਦ ਸ੍ਰੀ ਦਸਮੇਸ਼ ਜੀ ਨੇ ਵੇਖਿਆ ਕਿ ਹੁਣ ਹੋਰ ਗੁਰੂਆਂ ਦਾ ਆਉਣਾ ਈਸ਼ਵਰ ਵਲੋਂ ਬੰਦ ਹੋ ਚੁਕਾ ਹੈ ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਥਾ ਟੇਕਕੇ ਗੁਰਿਆਈ ਦੇ ਦਿਤੀ ਸੀ।

ਸੁਵਾਮੀ ਜੀ—ਪਹਿਲੇ ਆਪ ਕਹਿ ਆਇ ਹੋ ਕਿ ਗੁਰਿਆਈ ਦਮਦਮੀ ਬੀੜ ਨੂੰ ਦਿਤੀ ਸੀ ਤੇ ਇਥੇ ਹੁਣ ਕਹਿ ਰਹੇ ਹੋ ਕਿ ਪੰਜਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਜੀ ਦੀ ਬੱਧੀ ਬੀੜ (ਕਰਤਾਰ ਪੁਰੀ) ਨੂੰ ਦਿਤੀ ਸੀ, ਇਹ ਬੇਸਬੂਤੇ ਦਾਅਵੇ ਕੁਝ ਅਰਥ ਨਹੀਂ ਰਖਦੇ, ਬਾਕੀ ਜੇਕਰ ਈਸ਼ਵਰ ਵਲੋਂ ਅਜੇ ਹੋਰ ਗੁਰੂ ਆਉਣੇ ਸਨ ਤਾਂ ਇਥੇ ਵੀ ਕਈ ਪ੍ਰਸ਼ਨ ਪੈਦਾ ਹੋ ਜਾਂਦੇ ਹਨ ਕਿ ਚੌਥੇ ਗੁਰੂ ਜੀ ਨੇ ਪਹਿਲੇ ਹੀ ਗੁਰਿਆਈ ਕਿਉਂ ਦੇ ਦਿਤੀ, ਕਿਆ ਸ੍ਰੀ ਦਸਮੇਸ਼ ਜੀ ਦੀ ਗੁਰਿਆਈ ਦਿਤੀ ਹੋਈ ਪ੍ਰਵਾਨ ਨਹੀਂ ਹੋ ਸਕਦੀ। ਔਰ ਇੰਜ ਕਹਿਣਾ ਅਨੁਚਿਤ ਹੈ ਕਿ ਚੌਥੇ ਗੁਰੂ ਜੀ ਨੂੰ ਪਤਾ ਨਹੀਂ ਸੀ, ਕਿ ਅਜੇ ਹੋਰ 'ਗੁਰੂ' ਵੀ ਆਉਣੇ ਹਨ, ਇੰਜ ਮੰਨੀਏ ਤਾਂ ਦਸਵੇਂ ਗੁਰੂ ਜੀ ਨੂੰ ਕਿਵੇਂ ਪਤਾ ਲਗਾ ਕਿ ਹੁਣ ਗੁਰੂ ਕੋਈ ਹੋਰ ਨਹੀਂ ਆਉਣਾ, ਅਤੇ ਸ੍ਰੀ ਮੁਖਵਾਕ ਬਾਣੀ ਵਿਚ ਇਸ ਗਲ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਕਿ ਅਮੁਕੇ ਸਮੇਂ ਤੋਂ ਈਸ਼ਵਰ ਵਲੋਂ ਗੁਰੂਆਂ ਜਾਂ ਪੂਰਨ ਸੰਤ ਮਹਾਤਮਾਂ ਦਾ ਆਉਣਾ ਬੰਦ ਹੈ, ਇਸ ਲਈ ਇਹ ਆਪ ਜੀ ਦਾ ਹੀ ਕਿਆਸ ਕਿਹਾ ਸਕਦਾ ਹੈ, ਸਚਾਈ ਸਿਧਾਂਤ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਸ੍ਰੀ ਮੁਖਵਾਕ ਬਾਣੀ ਵਿਚ ਉਲਟਾ:--
'ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ।'
(ਸ੍ਰਿਰੀ ਰਾਗ ਮ: ੪) ਵਾਕ ਅਨੁਸਾਰ ਹਰ ਜੁਗ ਜੁਗਾਂਹ ਵਿਚ ਸਦਾ ਹੀ ਗੁਰੂਆਂ ਦੀ ਪੀੜੀ ਚਲਦੀ ਰਹਿੰਦੀ ਲਿਖੀ ਹੈ, ਕਿਸੇ ਜੁਗ ਵਿਚ ਬੰਦ ਹੋਣੀ ਨਹੀਂ ਲਿਖੀ ਬਲਕਿ ਵਿਚ 'ਸਦ' ਪਦ ਲਿਖਿਆ ਹੈ ਜਿਸਦਾ ਅਰਥ ਸਦਾ--ਹਮੇਸ਼ਾਂ ਹੀ ਚਲਦੀ ਰਹਿੰਦੀ ਹੈ ਭਾਵ ਕਿਸੇ ਵਕਤ ਵੀ ਬੰਦ ਨਹੀਂ ਹੋ ਸਕਦੀ, ਇਹ ਵੀ ਗਲ ਕੋਈ ਉਚਿਤ ਨਹੀਂ ਹੋ ਸਕਦੀ ਕਿ ਗੁਰਿਆਈ ਚੌਥੇ ਗੁਰੂ ਜੀ ਦੇ ਵਾਕਾਂ ਦੁਆਰਾ ਹੀ ਪ੍ਰਾਪਤ ਹੋ ਚੁਕੀ ਸੀ ਪਰ ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਹੀਂ ਮੰਨੇ ਗਏ ਸਨ, ਕਿਉਂਕਿ ਇੰਜ ਸ੍ਰੀ ਦਸਮੇਸ਼ ਜੀ ਵਲੋਂ ਗੁਰਿਆਈ ਦਿਤੀ ਜਾਨ ਕਰਕੇ ਵੀ ਕਈ ਕਾਰਨਾਂ ਕਰਕੇ ਗੁਰੂ ਨਹੀਂ ਮੰਨੇ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਣਗੇ ਅਤੇ ਪੰਜਵੇਂ ਗੁਰੂ ਜੀ ਤੋਂ ਲੈਕੇ ਸ੍ਰੀ ਦਸਮੇਸ਼ ਜੀ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਨੂੰ ਦਰਜਾ, ਗੁਰੂ ਨਾ ਮੰਨੇ ਜਾਣ ਕਰਕੇ ਉਹ ਪ੍ਰਾਪਤ ਹੋਵੇਗਾ ਜੋ ਭਾਈ ਲਹਿਣੇ ਜੀ ਨੂੰ 'ਗੁਰੂ' ਅੰਗਦ ਦੇਵ ਜੀ ਹੋਣ ਤੋਂ ਪਹਿਲਾਂ ਸੀ, ਤਾਂ ਚੌਥੇ ਗੁਰੂ ਜੀ ਦੇ ਵਾਕਾਂ ਦੁਆਰਾ ਗੁਰਿਆਈ ਦਿਤੀ ਗਈ ਅਤਥ ਕਰਕੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਂ ਮੰਨਣਾ ਚੌਥੇ ਗੁਰੂ ਸਾਹਿਬਾਂ ਦੇ ਵਾਕਾਂ ਦਾ ਇਕ ਕਿਸਮ ਦਾ ਨਿਰਾਦਰ ਹੀ ਕਰਨਾ ਹੋਵੇਗਾ, ਅਗਰ ਚੌਥੇ ਗੁਰੂ ਜੀ ਦੇ ਵਾਕਾਂ ਦਾ ਸਤਿਕਾਰ ਕਾਇਮ ਕਰਨ ਹਿਤ ਇਹ ਗਲ ਕਹੀ ਜਾਵੇ ਕਿ ਜਿਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪੰਜਵੇਂ ਗੁਰੂ ਜੀ ਨੇ ਬੱਧੀ ਸੀ ਉਸੇ ਦਿਨ ਤੋਂ ਹੀ 'ਗੁਰੂ' ਗਦੀ ਤੇ ਬ੍ਰਿਾਜਮਾਨ ਮੰਨੇ ਗਏ ਸਨ, ਤਾਂ ਫਿਰ ਸ੍ਰੀ ਦਸਮੇਸ਼ ਜੀ ਤਕ ਗੁਰੂ ਗਦੀ ਤੇ ਬ੍ਰਿਾਜਮਾਨ ਹੋਣ ਵਾਲੇ ਪੰਜ ਗੁਰੂ ਸਾਹਿਬਾਂ ਦਾ ਦਰਜਾ ਕੀ ਹੋ ਸਕੇਗਾ। ਜੇਕਰ ਗੁਰੂ ਨਹੀਂ ਹੋਵੇਗਾ ਤਾਂ ਇੰਜ ਪੰਜਵੇਂ ਜਾਂ ਛੇਵੇਂ ਗੁਰੂ ਸਾਹਿਬਾਂ ਤੋਂ ਲੈਕੇ ਦਸਵੇਂ ਗੁਰੂ ਸਾਹਿਬਾਂ ਤਕ ਗੁਰੂਆਂ ਦੀ ਗੁਰਿਆਈ ਦਾ ਹੀ ਨਿਰਾਦਰ ਹੋ ਜਾਂਦਾ ਹੈ, ਜੋ ਉਚਿਤ ਨਹੀਂ, ਅਤੇ ਪੰਜਵੇਂ ਗੁਰੂ ਸਾਹਿਬਾਂ ਤੋ ਲੈਕੇ ਦਸਵੇਂ ਗੁਰੂ ਸਾਹਿਬਾਂ ਤਕ ਜੇਕਰ ਗੁਰੂ ਸਾਹਿਬ ਵੀ ਗੁਰੂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਗੁਰੂ ਹੀ ਮੰਨੇ ਜਾਂਦੇ ਰਹੇ ਹਨ, ਤਾਂ ਅਜ ਇਹ ਸਿਲਸਿਲਾ ਕਿਵੇਂ ਬੰਦ ਹੋ ਸਕੇਗਾ ਭਾਵ ਇਹ ਕਿ ਅਜ ਵੀ ਆਪਣੀ ਕਲਿਆਨ ਹਿਤ ਕੋਈ ਮਹਾਂ-ਪੁਰਸ਼ (ਦੇਹਧਾਰੀ) ਗੁਰੂ ਨਾਲ ਹੋਣਾ ਜ਼ਰੂਰੀ ਹੋਵੇਗਾ। ਅੋਰ ਸ੍ਰੀ ਦਸਮੇਸ਼ ਜੀ ਵਲੋਂ ਦਿਤੀ ਗਈ ਗੁਰਿਆਈ ਵੀ ਮੰਨ ਲਈ ਜਾਵੇ ਤਾਂ ਵੀ ਗੁਰੂ ਨਹੀਂ ਮੰਨੇ ਜਾ ਸਕਣ ਦੇ ਕਾਰਨ ਇਹ ਹੋ ਸਕਣਗੇ ਕਿ ਸ੍ਰੀ ਮੁਖਵਾਕ ਬਾਣੀ ਵਿਚ ਜੋ ਗੁਰੂ ਦੇ ਲਖਸ਼ਣ ਕੀਤੇ ਗਏ ਹਨ ਉਹ ਗ੍ਰੰਥ ਜਾਂ ਬਾਣੀ ਵਿਚ ਨਹੀਂ ਘਟ ਸਕਦੇ, ਸ੍ਰੀ ਮੁਖਵਾਕ ਬਾਣੀ ਖੁਦ ਸ੍ਰੀ ਗੁਰੂ ਸਾਹਿਬਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਉਚਾਰਨ ਕੀਤੀ ਹੋਈ ਹੋਣ ਕਰਕੇ ਸੂਤਾ ਪ੍ਰਮਾਣ ਹੈ, ਤੇ ਸ੍ਰੀ ਦਸਮੇਸ਼ ਜੀ ਵਲੋਂ ਦਿਤੀ ਗਈ ਗੁਰਿਆਈ ਦਾ ਪ੍ਰਮਾਣ ਕੋਈ ਸ੍ਰੀ ਮੁਖਵਾਕ ਨਹੀਂ ਹੋਣ ਕਰਕੇ ਸੂਤਾ ਪ੍ਰਮਾਣ ਨਹੀਂ ਇਸ ਲਈ ਸ੍ਰੀ ਮੁਖਵਾਕ ਬਾਣੀ ਦਾ ਨਿਰਾਦਰ ਨਹੀਂ ਕੀਤਾ ਜਾ ਸਕਦਾ।

'ਸ੍ਰੀ ਮੁਖ ਵਾਕ ਪ੍ਰਮਾਣ'

(ੳ) ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ। (ਗੌੜੀ ਕੀ ਵਾਰ ਮ. ੪)

(ਅ) ਸਤਿਗੁਰ ਵਿਚ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ। ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ। (ਗਉੜੀ ਕੀ ਵਾਰ ਮ: ੪)

(ੲ) ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ।
(ਗਉੜੀ ਬੈਰਾਗਨ ਮ: ੪)

(ਸ) ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ। ਤਿਸ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ। (ਮਲਾਰ ਮ: ੪)

(ਹ) ਤੇ ਨੇਤਰ ਭਲੇ ਪ੍ਰਵਾਣੁ ਹਹਿ ਮੇਰੀ ਜਿੰਦੁੜੀਏ ਸੋ ਸਾਧੂ ਸਤਿਗੁਰੁ ਦੇਖਹਿ ਰਾਮ। (ਬਿਹਾਗੜਾ ਮ: ੪)

(ਕ) ਗੁਰ ਰਸਨਾ ਅੰਮ੍ਰਿਤ ਬੋਲਦੀ ਹਰਿ ਨਾਮ ਸੁਹਾਵੀ।
(ਤਿਲੰਗ ਮ: ੪)

(ਖ) ਸਤਿਗੁਰ ਚਾਟਉ ਪਗ ਚਾਟੁ, ਜਿਤੁ ਮਿਲਿ ਹਰਿ ਪਾਧਰ ਬਾਟ। (ਕਾਨੜਾ ਮ: ੪)

(ਗ) ਸਰਬ ਸੁਖਾ ਗੁਰ ਚਰਨਾ। ਕਲਿ ਮਲ ਡਾਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ।(ਦੇਵ ਗੰਧਾਰੀ ਮ:੫)

(ਘ) ਸਤਿਗਰ ਪਗ ਧੂਰਿ ਜਿਨਾ ਮੁਖਿ ਲਾਈ ।
(ਗਉੜੀ ਗੁਆਰੇਰੀ ਮ: ੪)

(ਙ) ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿਕੈ ਹਥੁ ਜੀਉ । (ਸਿਰੀ ਰਾਗ ਮ: ੫)

(ਚ) ਨਿਹਤੇ ਪੰਜਿ ਜੁਆਨ ਮੈਂ ਗੁਰ ਥਾਪੀ ਦਿਤੀ ਕੰਡਿ ਜੀਉ । (ਸਿਰੀ ਰਾਗ ਮ: ੫)

(ਛ) ਗੁਰ ਸਿਖ ਪ੍ਰੀਤਿ ਗੁਰੂ ਮਿਲੈ ਗਲਾਏ ।
(ਗਉੜੀ ਗੁਆਰੇਰੀ ਮ: ੪)

(ਜ) ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰ ਪੁਰਖੁ ਮਿਲੈ ਰੰਗੁ ਲਾਵੈਗੋ । (ਸ੍ਰੀਰਾਗ ਮ: ੪)

(ਝ) ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗ ਹੀਣ ਵਸਿ ਕਾਲ । (ਕਾਨੜਾ ਮ. ੪)

(ਞ) ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ । (ਕਾਨੜਾ ਮ: ੪)

(ਟ) ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ।
(ਗਉੜੀ ਕੀ ਵਾਰ ਮ: ੪)

ਭਾਵ ਉਪ੍ਰੋਕਤ ਸ੍ਰੀ ਮੁਖ ਵਾਕ ਪ੍ਰਮਾਣਾਂ ਵਿਚ—(ੳ) ਪੰਜ ਕਾਮ ਕਰੋਧ ਆਦਕ ਦੂਤਾਂ ਨੂੰ ਖਿੱਚ ਕੇ ਵਸ ਕਰਨ ਵਾਲਾ ਸਤਿਗੁਰੂ ਲਿਖਿਆ ਹੈ ਕਿਸੇ ਮਜ਼ਹਬ ਦੀ ਬਾਣੀ ਗ੍ਰੰਥ ਵਿਚ ਅੰਤਾ: ਕਰਨ ਨਹੀਂ, ਇਸ ਲਈ ਪੰਜ ਕਾਮ ਕਰੋਧ ਆਦੀ ਵੀ ਨਹੀਂ ਰਹਿ ਸਕਦੇ ਕਿਉਂਕਿ ਇਹ ਅੰਤਾ:-ਕਰਨ ਵਿਚ ਹੀ ਰਹਿ ਸਕਦੇ ਹਨ ਜਿਥੇ ਅੰਤਾ ਕਰਨ ਨਹੀ ਓਥੇ ਇਹ ਕਾਮ ਕਰੋਧ ਆਦੀ ਪੰਜੇ ਨਹੀਂ ਹੋ ਸਕਦੇ ਤਾਂਤੇ ਅੰਤਾ:-ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਾ ਹੀ ਸਤਿਗੁਰੂ ਹੋਵੇਗਾ।

(ਅ) ਅਤੇ ਹਰੀ ਦਾ ਨਾਮ ਧਿਆਉਂਣਾ ਸੁਚ (ਪਵਿਤ੍ਰਤਾ) ਸੰਜਮ (ਇੰਦ੍ਰਯੋਂ ਕਾ ਕੰਟਰੋਲ) ਆਦਕ ਕ੍ਰਿਯਾ ਵੀ ਬਗੈਰ ਅੰਤਾ:-ਕਰਨ ਦੇ ਨਹੀਂ ਹੋ ਸਕਦੀ, ਔਰ ਕਿਸੇ ਮਜ਼ਹਬ ਦੇ ਬਾਣੀ ਗ੍ਰੰਥਾਂ ਵਿਚ ਅੰਤਾ:-ਕਰਨ ਨਹੀਂ ਮੰਨਿਆ ਗਿਆ ਅਤੇ ਮੰਨਿਆ ਵੀ ਨਹੀਂ ਜਾ ਸਕਦਾ ਕਿਉਂਕਿ ਸਖੋਪਤੀ ਵਿਚ ਜਦ ਮਨੁਸ਼ ਦਾ ਅੰਤਾ:-ਕਰਨ ਵੀ ਕਾਰਨ ਵਿਚ ਲੀਨ ਹੋ ਜਾਂਦਾ ਹੈ, ਤਾਂ ਇੰਦ੍ਰਯੋਂ ਦੇ ਸੰਜਮ, ਤਥਾ ਕਿਸੇ ਕਿਸਮ ਦੀ ਪਵਿਤ੍ਰਤਾ ਔਰ ਨਾਮ ਦਾ ਜਪਣਾ ਆਦਕ ਕ੍ਰਿਯਾ ਨਹੀਂ ਹੋ ਸਕਦੀ ਤਾਂ ਜਿਨ੍ਹਾਂ ਚੀਜਾਂ ਵਿਚ ਕਿਸੇ ਕਿਸਮ ਦੀ ਕੋਈ ਕ੍ਰਿਯਾ (ਹਰਕਤ) ਪ੍ਰਤੀਤ ਹੀ ਨਹੀਂ ਹੁੰਦੀ ਉਨ੍ਹਾਂ ਵਿਚ ਅੰਤਾ:-ਕਰਨ ਦਾ ਹੋਣਾ ਕਿਸੇ ਦਲੀਲ ਨਾਲ ਨਹੀਂ ਮੰਨਿਆ ਜਾ ਸਕਦਾ ਤਾਂਤੇ ਉਪ੍ਰੋਕਤ ਸ੍ਰੀ ਮੁਖਵਾਕ ਬਾਣੀ ਅਨੁਸਾਰ ਸੁਚ, ਸੰਜਮ ਆਦਕ ਕ੍ਰਿਯਾ ਕਰਨ ਵਾਲਾ ਕੋਈ ਮਨੁਸ਼ ਸਰੂਪ ਵਿਚ ਹੀ ਮਹਾਂ ਪੁਰਸ਼ ਗੁਰੂ ਹੋ ਸਕਦਾ ਹੈ।

(ੲ ਸ) ਹਿਰਦੇ ਵਿਚ ਵਿਗਾਸ (ਪ੍ਰਸੰਨਤਾ) ਹੋਣਾ ਉਹ ਗੁਰੂ ਕਿਹਾ ਜਾ ਸਕਦਾ ਹੈ, ਜੋ ਬ੍ਰਹਮ ਨੂੰ ਬਿੰਦੇ (ਜਾਣੇ) ਅਤੇ ਹਰੀ ਪ੍ਰਮੇਸ਼ਰ ਦੀ ਕਥਾ ਸੁਣਾਵੇ ਔਰ ਉਸ ਗੁਰੂ ਨੂੰ ਬਸਤਰ ਭੋਜਨ ਆਦਕ ਬਹੁਤ ਪ੍ਰਕਾਰ ਕੇ ਅਰਪਨ ਕੀਤੇ ਜਾਣ ਆਦਕ ਲਖਸ਼ਨ ਕਿਸੇ ਮਨੁਸ਼ ਸਰੂਪ ਵਿਚਹੀਗੁਰੂ ਹੋਵੇਤਾਂ ਘਟ ਸਕਦਹਨ ਨਹੀਂਤਾਂ ਨਹੀਂਕਿਉਂਕਿ ਪ੍ਰਸੰਨਤਾ ਗਿਆਨ ਬਿਨਾਂ ਨਹੀਂ ਹੋ ਸਕਦੀ ਗਿਆਨ ਅੰਤਾ:-ਕਰਨ ਬਿਨਾਂ ਨਹੀਂ ਹੋ ਸਕਦਾ, ਅੰਤਾ:-ਕਰਨ ਵਾਲੇ ਮਨੁਸ਼ ਤੋਂ ਬਿਨਾਂ ਹੋਰ ਸਰੀਰ ਵੀ ਹਨ ਪਰ ਉਨ੍ਹਾਂ ਨੂੰ ਗਿਆਨ ਨਹੀਂਔਰਬ੍ਰਹਮ ਨੂੰ ਜਾਣਨਾ ਤੇ ਕਥਾ ਪ੍ਰਮਾਤਮਾਂ ਦੀਆਂ ਜਗਿਆਸੂਆਂ ਨੂੰ ਸੁਣਾਉਣੀਆਂ ਆਦਕ ਇਹ ਸਭ ਗਲਾਂ ਮਨੁਖ ਸਰੀਰ ਤੋਂ ਬਿਨਾਂ ਹੋਰ ਕਿਸੇ ਸਰੀਰ ਵਿਚ ਬਣ ਨਹੀਂਸਕਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂਤੇ ਪਹਿਲੇ ਵਿਚਾਰ ਸਾਗਰ ਦੇ ਪ੍ਰਮਾਨ ਅਨੁਸਾਰ ਦਸੇ ਹੋਇ ਸਾਧਨਾਂ ਵਾਲਾ ਮਨੁਸ਼ ਹੀ ਗੁਰੂ ਹੋ ਸਕੇਗਾ।

(ਹ) ਉਹ ਨੇਤਰ ਪ੍ਰਵਾਨ ਹਨ ਜੋ ਸਾਧੂ ਸਤਿਗੁਰ ਦਾ ਦਰਸ਼ਨ ਕਰਦੇ ਹਨ, ਇਸ ਵਿਚ ਵੀ ਸਾਧੂ ਹੀ ਸਤਿਗੁਰ ਲਿਖਿਆ ਹੈ ਕਿਸੇ ਬਾਣੀ ਗ੍ਰੰਥ ਨੂੰ ਨਹੀਂ ਕਿਹਾ ਔਰ ਸਾਧੂ ਮਨੁਸ਼ ਸਰੀਰ ਵਿਚ ਹੀ ਹੋ ਸਕਦੇ ਹਨ ਅਤੇ ਬਾਣੀ ਗ੍ਰੰਥ ਨੂੰ ਅਜ ਤਕ ਕਿਸੇ ਮਤ ਵਾਲੇ ਨੇ ਭੀ ਸਾਧੂ ਨਾਮ ਨਾਲ ਨਹੀਂ ਪੁਕਾਰਿਆ।

(ਕ ਖ-ਗ-ਘ) ਗੁਰੂ ਦੀ ਰਸਨਾ -ਜਬਾਨ ਅੰਮ੍ਰਿਤ ਬੋਲਦੀ ਹੈ, ਸਤਿਗੁਰੂ ਦੇ ਚਰਨ ਚਾਟਣੇ ਅਤੇ ਗੁਰੂ ਜੀ ਦੇ ਚਰਨ ਹੀ ਸਾਰਿਆਂ ਸੁਖਾਂ ਨੂੰ ਦੇਣ ਵਾਲੇ ਤਰਨ ਲਈ ਆਸਰਾ ਹਨ ਤੇ ਗੁਰੂ ਦੇ ਚਰਨਾਂ ਦੀ ਧੂੜੀ ਮੁਖ ਨੂੰ ਲਾਉਣੀ ਆਦਕ ਗੁਣ ਮਨੁਸ਼ ਸਰੂਪ ਵਿਚ ਹੀ ਹੋ ਸਕਦੇ ਹਨ।ਹੋਰ ਕਿਸੇ ਸਰੂਪ ਵਿਚ ਨਹੀਂ ਹੋ ਸਕਦੇ।ਜੇ ਇਹ ਗਲ ਮੰਨੀ ਜਾਵੇ ਕਿ ਧਰਮ ਪੁਸਤਕ ਵੀ ਬੋਲਦੇ ਹਨ ਉਪਦੇਸ਼ ਕਰਦੇ ਹਨ ਤਾਂ ਕਿਸੇ ਮਤ ਦੇ ਵੀ ਧਰਮ ਪੁਸਤਕ (ਕੁਰਾਨ ਸ਼ਰੀਫ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵੇਦ ਸ਼ਾਸਤ੍ਰ ਆਦਕ) ਖ਼ੁਦ ਆਪੇ ਉਪਦੇਸ਼ ਨਹੀਂ ਕਰਦੇ ਤੇ ਨਾਂ ਹੀ ਬੋਲਦੇ ਹਨ। ਕਿੰਤੂ ਉਨ੍ਹਾਂ ਨੂੰ ਕੋਈ ਦੂਸਰਾ ਆਦਮੀ ਹੀ ਪੜ੍ਹਦਾ ਹੈ ਤੇ ਬੋਲਦਾ ਅਤੇ ਉਪਦੇਸ਼ ਕਰਦਾ ਹੈ, ਇਹ ਕ੍ਰਿਆ ਕਿਸੇ ਧਰਮ ਪੁਸਤਕ ਵਿਚ ਵੀ ਸੁਤੰਤ੍ਰ ਨਹੀਂ ਮੰਨੀ ਗਈ, ਕਿਸੇ ਦੂਸਰੇ ਪੁਰਸ਼ ਦੇ ਅਧੀਨ ਹੀ ਮੰਨੀ ਗਈ ਹੈ। ਪਰੰਤੂ ਗੁਰੂ ਸੁਤੰਤ੍ਰ ਹੈ, ਪਤੰਤ੍ਰ ਨਹੀਂ ਅਤੇ ਨਾਂ ਹੀ ਉਪ੍ਰੋਕਤ ਪ੍ਰਮਾਣਾਂ ਵਿਚ ਇਹ ਗਲ ਲਿਖੀ ਹੈ ਕਿ ਗੁਰੂ ਦੀ ਰਸਨਾ ਦੀ ਥਾਵੇਂ ਕਿਸੇ ਦੀ ਰਸਨਾ ਅੰਮ੍ਰਿਤ ਬੋਲਦੀ ਹੈ ਤੇ ਗੁਰੂ ਦੇ ਚਰਨਾਂ ਦੀ ਥਾਵੇਂ ਕਿਸੇ ਦੇ ਚਰਨ ਚਟਾਉ ਤੇ ਧੂੜ ਮੁਖ ਨੂੰ ਲਾਵੋ!

(ਙ-ਚ-ਛ) ਸਤਿਗੁਰੂ ਨੂੰ ਪੁਰਖ ਕਿਹਾ ਹੈ 'ਬਾਣੀ ਗ੍ਰੰਥ' ਨੂੰ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਹਾ, ਪੁਰਖ, ਮਨੁਸ਼ ਦਾ ਹੀ ਨਾਮ ਹੈ, ਕਿਸੇ ਮਤ ਵਿਚ ਵੀ ਕਿਸੇ ਦੀ ਬਾਣੀ ਗ੍ਰੰਥ ਨੂੰ ਪੁਰਖ ਨਾਮ ਨਾਲ ਨਹੀਂ ਪੁਕਾਰਿਆ ਗਿਆ ਅਤੇ ਸਿਖ ਦੇ ਮਸਤਕ ਤੇ ਗੁਰੂ ਦਾ ਹਥ ਧਰਨਾ ਔਰ ਗੁਰੂ ਨੇ ਹਥ ਨਾਲ ਕੰਡ ਤੇ ਥਾਪੀ ਦੇਣੀ ਤੇ ਪੰਜ ਕਾਮ ਕਰੋਧ ਆਦਕਾਂ ਨੂੰ ਵਸ ਕਰਨਾ, ਗੁਰ ਸਿਖ ਦੀ ਪ੍ਰੀਤੀ ਦਾ ਸਬੂਤ ਗੁਰੂ ਨੇ ਗਲ ਨਾਲ ਲਗਕੇ ਮਿਲਨਾ, ਆਦਕ ਕਰਮ ਕਿਸੇ ਬਾਣੀ ਗ੍ਰੰਥ ਵਿਚ ਨਹੀਂ ਹੋ ਸਕਦੇ।

(ਜ-ਝ-ਞ-ਟ) ਗੁਰ ਪੁਰਖ, ਸਤਿਗੁਰ ਪੁਰਖ, ਮਹਾਂ ਪੁਰਖ, ਸਤਿਗੁਰ ਸਾਧੂ ਸਜਣ ਇਹ ਸਾਰੇ ਵਸ਼ੇਸ਼ਣ ਮਨੁਸ਼ ਸਰੂਪ ਦੇ ਹੀ ਹਨ। ਕਿਸੇ ਬਾਣੀ ਗ੍ਰੰਥ ਨੂੰ ਮਹਾਂ ਪੁਰਖ ਗੁਰਪੁਰਖਨਹੀਂ ਕਿਹਾ ਜਾਂਦਾ ਤਾਂਤੇ ਇਹਸ੍ਰੀ ਮੁਖਵਾਕ ਪ੍ਰਮਾਣਾਂ ਵਿਚ ਕੀਤੇ ਗਏ ਗੁਰੂ ਦੇ ਲਖਸ਼ਨਸਾਰੇ ਮਨੁਸ਼ ਸਰੂਪ ਕਿਸੇ ਮਹਾਂ ਪੁਰਖ ਵਿਚ ਹੀ ਘਟ ਸਕਦੇ ਹਨ, ਇਸ ਲਈ ਕੋਈ ਮਹਾਂ ਪੁਰਸ਼ ਹੀ ਗੁਰੂ ਮੰਨੇ ਜਾ ਸਕਦੇ ਹਨ। ਗੁਰੂ ਪਦ ਪ੍ਰਕਾਸ਼ ਹਿਸਾ ੨ ਸਫਾ ੧੫੫ ਤੇ ਸ੍ਰੀ ਆਲਿਮ ਜੀ ਵੀ ਲਿਖ ਰਹੇ ਹਨ ਕਿ ਅਸੀਂ ਗਜ ਵਜਕੇ ਅਤੇ ਡੰਕੇ ਦੀ ਚੋਟ ਨਾਲ ਇਹ ਗਲ ਕਹਿੰਦੇ ਹਾਂ ਕਿ ਗੁਰਬਾਣੀ ਵਿਚ ਵਰਤਿਆ ਗਿਆ 'ਗੁਰੂ' ਪਦ ਮਨੁਖ ਦੇਹਧਾਰੀ ਮਹਾਂ ਪੁਰਖ ਤੇ ਹੀ ਘਟਦਾ ਹੈ।

ਹਕੀਮ—ਪੋਲ ਮਤ ਰਾਧਾ ਸੁਆਮੀ ਭਾਗ ੧ ਕ੍ਰਿਤ ਭਾਈ ਹੁਕਮ ਸਿੰਘ ਜਿਲਾ ਲਾਇਲਪੁਰ ਵਾਸੀ ਦੇ ਵਿਚ ਸਾਰ ਬਚਨ ਸਫਾ ੨ ਅੰਕ ੩ ਦਾ ਹਵਾਲਾ ਦਿਤਾ ਹੋਇਆ ਹੈ ਕਿ ਰਾਧਾ ਸੁਆਮੀ ਜੀ ਦਾ ਗੁਰੂ ਨਾਦ ਸੀ ਤਾਂਤੇ ਰਾਧਾ ਸੁਆਮੀ ਮਤ ਵਿਚ ਵੀ ਰਾਧਾ ਸੁਆਮੀ ਜੀ ਦਾ ਗੁਰੂ ਨਾਦ (ਸ਼ਬਦ) ਮੰਨਦੇ ਸਾਬਤ ਹੁੰਦੇ ਹਨ, ਔਰ 'ਤੇਰਾ ਕਵਣ ਗੁਰੂ ਜਿਸਕਾ ਤੂ ਚੇਲਾ' 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਰਾਮਕਲੀ ਸਿਧ ਗੋਸਟ ਮ: ੧ ਵਿਚੋਂ ਗੁਰੂ ਨਾਨਕ ਦੇਵ ਜੀ ਦਾ ਗੁਰੂ ਵੀ ਸ਼ਬਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਸਿਧ ਹੋ ਰਿਹਾ ਹੈ।

ਸੁਵਾਮੀ ਜੀ—ਪਹਿਲੇ ਰਾਧਾ ਸੁਆਮੀ ਮਤ ਵਾਲਿਆਂ ਨੂੰ ਪੁਛੋ ਕਿ ਉਹ ਸ਼ਬਦ (ਬਾਣੀ) ਆਵਾਜ਼ ਨੂੰ ਚੇਤਨ ਮੰਨਦੇ ਹਨ ਕਿ ਅਚੇਤਨ, ਜੇਕਰ ਚੇਤਨ ਮੰਨਦੇ ਹਨਤਾਂ ਉਹਸ਼ਬਦਹੀ ਨਾ ਰਿਹਾ, ਕਿਉਂਕਿ ਕਿਸੇ ਚਤਨ ਵਸਤੂ ਦਾ ਨਾਮ ਕਿਸੇ ਮਤ ਵਾਲਿਆਂ ਨੇ ਅਗਰ ਸ਼ਬਦ ਰਖ ਲਿਆ ਹੋਇਆ ਹੈ ਤਾਂ ਇਸਦਾ ਇਹ ਮਤਲਬ ਨਹੀਂ ਕਿ ਜੋ ਆਮ ਅਰਥ ਸ਼ਬਦ ਦੇ ਲਏ ਜਾਂਦੇ ਹਨ ਉਹੋ ਸ਼ਬਦ ਹੀ ਗੁਰੂ ਹੋ ਸਕਦਾ ਹੈ. ਕਿਉਂਕਿ ਸ਼ਬਦ ਚੇਤਨ ਨਹੀਂ ਹੋ ਸਕਦਾ। ਪਹਿਲੇ ਤਾਂ ਸ਼ਬਦ (ਬਾਣੀ) ਕੰਨਾਂ ਦਾ ਵਿਸ਼ਯ ਹੈ ਚੇਤਨ ਕਿਸੇ ਇੰਦ੍ਰਯ ਕੇ ਵਿਸ਼ਯ ਨਹੀਂ ਚੇਤਨ ਅਗੋਚਰ ਹੈ, ਅਗਰ ਚੇਤਨ ਵੀ ਇੰਦ੍ਰਯੋਂ ਕੇ ਵਿਸ਼ਯ ਹੋ ਗਿਆ ਤਾਂ ਫਿਰ ਅਚੇਤਨ ਅਗੋਚਰ (ਇੰਦ੍ਰਯੋਂ ਕੇ ਅਵਿਸ਼ਯ) ਮੰਨਣਾ ਪਵੇਗਾ। ਦੂਜਾ ਸ਼ਬਦ ਅਕਾਸ਼ ਦਾ ਗੁਣ ਹੈ, ਅਕਾਸ਼ ਨੂੰ ਵਿਦਵਾਨ ਪੰਜਵਾਂ ਤਤਵ ਅਚੇਤਨ ਮੰਨਦੇ ਹਨ। ਤੀਜਾ ਸ਼ਬਦ ਨੂੰ ਚੇਤਨ ਸਮਝਦਾ ਹੈ, ਸ਼ਬਦ ਕਿਸੇ ਨੂੰ ਵੀ ਨਹੀਂ ਜਾਣ ਸਕਦਾ। ਇਸ ਲਈ ਵੀ ਸ਼ਬਦ ਅਚੇਤਨ ਹੀ ਹੈ। ਅਗਰ ਕਹੋ ਕਿ ਸ਼ਬਦ (ਬਾਣੀ) ਦੁਆਰਾ ਮਨੁਸ਼ ਨੂੰ ਹਰ ਇਕ ਪਦਾਰਥ ਦਾ ਗਿਆਨ ਹੁੰਦਾ ਹੈ, ਜੇਕਰ ਸ਼ਬਦ ਅਚੇਤਨ ਹੈ, ਤਾਂ ਗਿਆਨ ਕਿਵੇਂ ਹੋ ਸਕਦਾ ਹੈ। ਤਾਂ ਵੀ ਸ਼ਬਦ ਦੁਆਰਾ ਮਨੁਸ਼ ਨੂੰ ਗਿਆਨ ਹੁੰਦਾ ਹੈ ਸ਼ਬਦ ਖੁਦ ਚੇਤਨ ਨਹੀਂ ਹੋ ਸਕਦਾ। ਕਿਉਂਕਿ ਮਨੁਸ਼ ਨੂੰ ਤਾਂ ਬਿਨਾ ਸ਼ਬਦ ਸੁਣੇ ਲਿਖੇ ਹੋਏ ਅਖਰ ਵੇਖਕੇ ਵੀ ਗਿਆਨ ਹੋ ਜਾਂਦਾ ਹੈ। ਤਾਂ ਕੀ ਉਨ੍ਹਾਂ ਲਿਖੇ ਹੋਏ ਸਿਆਹੀ ਦੇ ਅਖਰਾਂ ਨੂੰ ਵੀ ਆਪ ਚੇਤਨ ਹੀ ਮੰਨੋਗੇ। ਔਰ ਕਿਸੇ ਦਰਖਤ ਦੀ ਤਸਵੀਰ ਬਣੀ ਹੋਈ ਵੇਖਕੇ ਵੀ ਉਸ ਦਰਖਤ ਦਾ ਗਿਆਨ ਹੋ ਜਾਂਦਾ ਹੈ, ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਉਸ ਸਿਆਹੀ ਜਾਂ ਮਿਟੀ ਦੀ ਬਣੀ ਹੋਈ ਤਸਵੀਰ ਨੂੰ ਵੀ ਚੇਤਨ ਮੰਨਿਆ ਜਾਵੇਗਾ, ਜਿਵੇਂ ਮਕਾਨ ਦਾ ਨਕਸ਼ਾ ਵੇਖਣੇ ਸੇ ਮਕਾਨ ਦਾ ਗਿਆਨ ਹੁੰਦਾ ਹੈ। ਸਮੁੰਦਰ ਦੇ ਨਕਸ਼ੇ ਸੇ ਸਮੁੰਦਰ ਦਾ। ਸਿਫਰ ० ਵੇਖਣੇ ਮੇ ਕੁਛ ਨਹੀਂਦਾ ਗਿਆਨ ਹੋ ਜਾਂਦਾ ਹੈ ਅਤੇ ਫੂਲ ਕੇ ਸਪ੍ਰਸ਼,ਸੇ ਅੰਧੇਪੁਰਸ਼ ਕੋ ਭੀ ਕੋਮਲਤਾ ਕਾ ਤੇ ਪਥਰ ਕੇ ਸਪ੍ਰਸ਼ (ਛੂਹਨੇ) ਮੇ ਕਰੜਾ ਪਨ ਦਾ ਗਿਆਨ ਹੋ ਜਾਂਦਾ ਹੈ। ਤਾਂਤੇ ਫੁਲ, ਪਥਰ, ਸਮੁੰਦਰ ਦੇ ਨਕਸ਼ੇ ਅਤੇ ਸਿਫਰ ਨੂੰ ਕੋਈ ਵੀ ਚੇਤਨ ਨਹੀਂ ਮੰਨਦਾ.ਕੇਵਲ ਸ਼ਬਦ ਨੂੰ ਹੀ ਕਿਵੇਂ ਚੇਤਨ ਮੰਨਿਆਂ ਜਾਵੇ ਅਤੇ ਪਸ਼ੂ ਨੂੰ ਸ਼ਬਦ ਦੁਆਰਾ ਗਿਆਨ ਨਹੀਂ ਹੁੰਦਾ ਤਾਂ ਉਹ ਸੁੰਘਕੇ ਖਾਣੇ ਯਾ ਨ ਖਾਣੇ ਯੋਗ ਵਸਤੂ ਦਾ ਗਿਆਨ ਕਰ ਲੈਂਦਾ ਹੈ ਤਾਂ ਤੇ ਇਹ ਵੀ ਨਿਯਮ ਨਹੀਂ ਕਿ ਸ਼ਬਦ ਦੁਆਰਾ ਹੀ ਗਿਆਨ ਹੁੰਦਾ ਹੈ ਔਰ ਕਈ ਕਈ ਗਿਆਨ ਮਨੁਸ਼ ਨੂੰ ਵੀ ਸ਼ਬਦ ਦੁਆਰਾ ਨਹੀਂ ਹੋ ਸਕਦੇ ਅਤੇ ਮਨੁਸ਼ ਆਪਣੀ ਬੁਧੀ ਨਾਲ ਸ਼ਬਦ ਦੀ ਸ਼ੁਧੀ ਅਸ਼ੁਧੀ ਨੂੰ ਸਮਝਦਾ ਹੈ ਇਸ ਲਈ ਮਨੁਸ਼ ਦੀ ਬੁਧੀ ਸ਼ਬਦ ਦੀ ਸੋਧਕ ਤੇ ਦ੍ਰਿਸ਼ਟ ਹੁੰਦੀ ਹੈ, ਸ਼ਬਦ ਸੋਧਯ, ਅਤੇ ਦ੍ਰਿਸ਼ਯ ਹੋ ਜਾਂਦਾ ਹੈ ਜੋ ਜਿਸਦਾ ਦ੍ਰਿਸ਼ਟਾ ਹੋਵੇ ਉਹ ਉਸ ਤੋਂ ਚੇਤਨ ਹੈ, ਮੰਨਣਾ ਪੈਂਦਾ ਹੈ। ਇਸ ਲਈ ਸ਼ਬਦ ਮਨੁਸ਼ ਦੀ ਬੁਧੀ ਤੋਂ ਵੀ ਅਚੇਤਨ ਸਾਬਤ ਹੋਵੇਗਾ। ਅਚੇਤਨ ਨੂੰ ਗੁਰੂ ਮੰਨਣਾ ਅਨੁਚਿਤ ਹੈ, ਕਿਉਂਕਿ ਗੁਰੂ ਗਿਆਨ ਦਾਤਾ ਹੈ ਇਸ ਲਈ ਚੇਤਨ ਹੀ ਹੋ ਸਕਗਾ। ਚੌਥਾ ਸ਼ਬਦ (ਬਾਣੀ) ਦਾ ਉਚਾਰਨ ਕਰਨ ਵਾਲਾ (ਗੁਰੂ) ਕਰਤਾ ਹੈ ਉਚਾ-ਰਨ ਕ੍ਰਿਯਾ ਹੈ ਤੇ ਸ਼ਬਦ ਕਾਰਜ ਜਾਂ ਕਰਮ ਹੈ. ਜਿਵੇਂ ਘੜੇ ਨੂੰ ਬਣਾ-ਉਣ ਵਾਲਾ ਘੁਮਿਆਰ ਘੜੇ ਦਾ ਕਰਤਾ ਹੈ, ਘੜਨਾ ਕ੍ਰਿਯਾ ਹੈ ਤੇ ਘੜਾ ਕਾਰਜ ਜਾਂ ਕਰਮ ਹੈ। ਜੇ ਕੋਈ ਕਹਿ ਦੇਵੇ ਕਿ ਘੜਾ ਹੀ ਘੁਮਿ-ਆਰ ਹੋ ਸਕਦਾ ਹੈ ਤਾਂ ਇਹ ਗਲ ਮੰਨੀ ਨਹੀਂ ਜਾ ਸਕਦੀ ਕਿਉਂਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਮ ਕਰਤਾ ਨਹੀਂ ਹੋ ਸਕਦਾ। ਘੁਮਿਆਰ ਤਾਂ ਘੜੇ ਹੋਰ ਬਣਾ ਸਕਦਾ ਹੈ ਪਰ ਘੜਿਆਂ ਕੋਲੋਂ ਇਕ ਘੁਮਿਆਰ ਵੀ ਨਹੀਂ ਬਣ ਸਕੇਗਾ ਕਿਉਂਕਿ ਘੜੇ ਚੇਤਨ ਨਹੀਂ ਹਨ ਔਰ ਕਾਰਜ ਕਰਤਾ ਦੀ ਕ੍ਰਿਯਾ ਦਾ ਮੁਥਾਜ ਹੈ, ਕਰਤਾ ਮੁਥਾਜ ਨਹੀਂ ਤਿਵੇਂ ਸ਼ਬਦ ਗੁਰੂ ਨਹੀਂ ਹੋ ਸਕਦਾ। ਜੇਕਰ ਸ਼ਬਦ ਨੂੰ ਗੁਰੂ ਮੰਨਦੇ ਹਨ ਤਾਂ ਇਤਿਆਦਕ ਕਈ ਸੰਸੇ ਪੈਦਾ ਹੁੰਦੇ ਹਨ। ਬਾਕੀ ਰਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਵੀ ਸ਼ਬਦ ਹੀ ਸਿਧ ਹੁੰਦਾ ਹੈ। ਤਾਂ ਇਥੇ ਵੀ ਉਤੇ ਦਸੇ ਗਏ ਪ੍ਰਸ਼ਨ ਪੈਦਾ ਹੋਣਗੇ। ਬਲਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੀ ਲਿਖਿਆ ਹੈ ਕਿ 'ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ। (ਸੋਰਠ ਮ: ੧) ਤਾਂਤੇ ਇਕ ਪਾਸੇ ਗੁਰੂ ਜੀ ਕਹਿ ਰਹੇ ਹਨ ਕਿ ਪਾਰਬ੍ਰਹਮ ਪ੍ਰਮੇਸਰ ਗੁਰੂ ਮਿਲਿਆ ਹੈ ਤੇ ਦੂਜੇ ਪਾਸੇ ਕਹਿਣ ਕਿ ਸਾਡਾ ਗੁਰੂ ਸ਼ਬਦ ਹੈ, ਇਹ ਕਿਵੇਂ ਮੇਲ ਖਾ ਸਕੇਗਾ। ਜੇਕਰ ਇਹ ਗਲ ਮੰਨੀ ਜਾਵੇ ਕਿ ਪ੍ਰਮਾਤਮਾ ਨੂੰ ਹੀ ਇਥੇ ਸ਼ਬਦ ਕਿਹਾ ਹੈ ਤਾਂ ਫਿਰ ਜੋ ਸ਼ਬਦ ਮੁਖ ਸੇ ਉਚਾਰਨ ਕੀਤਾ ਜਾ ਸਕਦਾ ਹੈ ਉਹ ਸ਼ਬਦ (ਬਾਣੀ) ਸ੍ਰੀ ਗੁਰੂ ਜੀ ਦਾ ਗੁਰੂ ਸਿਧ ਨਾ ਹੋਇਆ, ਕਿਉਂਕਿ ਪ੍ਰਮਾਤਮਾ ਦਾ ਸਰੂਪ ਮੁਖ ਸੇ ਉਚਾਰਨ ਕੀਤਾ ਹੋਇਆ ਸ਼ਬਦ ਮਾਤ੍ਰ ਹੀ ਨਹੀਂ, ਸ਼ਬਦ ਕਿਸੇ ਨਾ ਕਿਸੇ ਦੀ ਕ੍ਰਿਯਾ (ਹਰਕਤ) ਦੇ ਅਧੀਨ ਹੀ ਪ੍ਰਗਟ ਹੋ ਸਕਦਾ ਹੈ। ਪਰੰਤੂ ਪ੍ਰਮਾਤਮਾ ਦੀ ਹਸਤੀ ਕਿਸੇ ਦੀ ਕ੍ਰਿਯਾ ਦੇ ਅਧੀਨ ਨਹੀਂ ਮੰਨੀ ਜਾ ਸਕਦੀ, ਔਰ ਸ਼ਬਦ ਚੇਤਨ ਨਹੀਂ ਪ੍ਰਮਾ-ਤਮਾ ਚੇਤਨ ਹੈ। ਅਤੇ ਜੇਕਰ ਇਥੇ ਸ਼ਬਦ ਨੂੰ ਹੀ ਗੁਰੂ ਮੰਨੀਏ ਤਾਂ ਉਹ ਸ਼ਬਦ ਕਿਸਨੇ ਉਚਾਰਨ ਕੀਤਾ ਜੋ ਗੁਰੂ ਨਾਨਕ ਦੇਵ ਜੀ ਦਾ ਗੁਰੂ ਹੋਇਆ। ਜਿਸ ਵਿਅਕਤੀ ਨੇ ਉਹ ਸ਼ਬਦ ਉਚਾਰਨ ਕੀਤਾ ਉਹ ਵਿਅਕਤੀ (ਸ਼ਬਦ ਸੁਣਾਉਣ ਵਾਲੀ) ਗੁਰੂ ਜੀ ਦੀ ਗੁਰੂ ਕਿਉਂ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਈ, ਕਿਉਂਕਿ ਦਸਾਂ ਗੁਰੂ ਸਾਹਿਬਾਂ ਨੂੰ ਭੀ ਇਸੇ ਲਈ ਗੁਰੂ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਸ਼ਬਦ (ਉਪਦੇਸ਼) ਸੁਣਾਕੇ ਲੋਕਾਂ ਨੂੰ ਸਿਧੇ ਰਾਹ ਪਾਇਆ ਸੀ, ਜੇਕਰ ਗੁਰੂ ਜੀ ਦੇ ਸ਼ਬਦ ਗੁਰੂ ਨੂੰ ਕਿਸੇ ਵਿਅਕਤੀ ਨੇ ਉਚਾਰਨ ਨਹੀਂ ਸੀ ਕੀਤਾ, ਕਿੰਤੂ ਸੁਤਹ ਸਿਧ ਪ੍ਰਗਟ ਹੋ ਗਿਆ ਸੀ ਤਾਂ ਇਥੇ ਇਹ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਦਸਾਂ ਗੁਰੂ ਸਾਹਿਬਾਂ ਨੂੰ ਉਹੋ 'ਸ਼ਬਦ ਗੁਰੂ' ਦੇਹਧਾਰੀ ਗੁਰੂ ਹੋਕੇ ਕਿਉਂ ਪ੍ਰਗਟ ਕਰਨਾ ਪਿਆ. ਫਿਰ ਤਾਂ ਜੋ ਵਸਤੂ ਕਿਸੇ ਕ੍ਰਿਯਾ ਤੋਂ ਬਿਨਾਂ ਸੁਤਹ ਸਿਧ ਪ੍ਰਗਟ ਹੈ ਜਾਂ ਪ੍ਰਗਟ ਹੋ ਸਕਦੀ ਹੈ ਉਹ ਹਮੇਸ਼ਾਂ ਲਈ ਸੁਤਹ ਸਿਧ ਪ੍ਰਗਟਹੈ ਜਾਂ ਪ੍ਰਗਟ ਹੋ ਸਕਦੀ ਹੈ ਉਸਨੂੰ ਫਿਰ ਪ੍ਰਗਟ ਕਰਨ ਦੀ ਜਰੂਰਤ ਹੀ ਨਹੀਂ ਹੋ ਸਕਦੀ। ਜੇਕਰ ਸੁਤਹ ਸਿਧ ਪ੍ਰਗਟ ਵਸਤੂ ਨੂੰ ਵੀ ਫਿਰ ਆਮ ਲੋਕਾਂ ਵਾਸਤੇ ਦੇਹਧਾਰੀ ਗਰੂ ਹੀ ਪ੍ਰਗਟ ਕਰਦਾ ਹੈ ਤਾਂ ਇਹ ਨਿਯਮ ਦਸਾਂ ਗੁਰੂ ਸਾਹਿਬਾਂ ਤੋਂ ਬਾਦ ਕਿਵੇਂ ਟੁਟ ਸਕਦਾ ਹੈ ਜੋ ਕਿਸੇ ਦੇਹਧਾਰੀ ਗੁਰੂ ਤੋਂ ਬਿਨਾਂ ਹੀ ਸ਼ਬਦ ਖੁਦ ਪ੍ਰਗਟ ਹੋ ਕੇ ਗੁਰੂ ਦੀ ਡਿਊਟੀ ਪਾਲਨ ਕਰੇਗਾ ਕਿਉਂਕਿ ਸ਼ਬਦ ਪਹਿਲੇ ਖੁਦ ਪ੍ਰਗਟ ਹੋਕੇ ਗੁਰੂਦੀ ਡਿਊਟੀਦਸਾਂ ਗੁਰੂ ਸਾਹਿਬਾਂ ਤੋਂ ਬਿਨਾਂ ਪਾਲਨ ਕਰਨ ਤੋਂ ਅਸਮ੍ਰਥ ਰਿਹਾ ਹੈ. ਔਰ ਗੁਰੂ ਜੀ ਦੇ ਸ਼ਬਦ ਗੁਰੂ ਮੰਨਣ ਵਿਚ ਇਹ ਵੀ ਸੰਸਾ ਪੈਦਾ ਹੋ ਜਾਂਦਾ ਹੈ ਕਿ ਜੇਕਰ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਗੁਰੂ ਸੀ, ਓਹੋ ਸ਼ਬਦ ਗੁਰੂ ਜੀ ਨੇ ਆਪਣੇ ਸਿਖਾਂ ਸੇਵਕਾਂ ਵਾਸਤੇ ਪ੍ਰਗਟ ਕਰਕੇ ਉਨ੍ਹਾਂ ਦਾ ਗੁਰੂ ਕਾਇਮ ਕਰ ਦਿਤਾ ਤਾਂ ਗੁਰੂ ਨਾਨਕ ਦੇਵ ਜੀ ਆਦਿ ਉਨ੍ਹਾਂ ਸੇਵਕਾਂ ਦੇ ਗੁਰੂ ਕਿਸ ਪੁਜੀਸ਼ਨ ਵਿਚ ਹੋਏ, ਕੀ ਗੁਰੂ ਸਾਹਿਬ ਸ਼ਬਦ ਸਰੂਪ ਸਨ ਕਿ ਸ਼ਬਦ ਦੇ ਪੈਦਾ ਕਰਤਾ, ਇਹੋ ਪ੍ਰਸ਼ਨ ਰਾਧਾ ਸੁਆਮੀ ਜੀ ਦੇ ਨਾਦ--ਸ਼ਬਦ ਗੁਰੂ ਮੰਨਣ ਵਿਚ ਪੈਦਾ ਹੋ ਸਕਦੇ ਹਨ ਅਤੇ:-- 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ।' ਪ੍ਰਮਾਣ ਸੇ ਸ੍ਰੀ ਗੁਰੂ ਗ੍ਰੰਥ ਸਾਹਿਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀ ਨੂੰ ਗੁਰਿਆਈ ਦਿਤੀ ਸਾਬਤ ਨਹੀਂ ਹੋ ਸਕਦੀ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਗੁਰੂ ਹੁੰਦਿਆਂ ਹੀ ਖੁਦ ਗੁਰੂ ਨਾਨਕ ਦੇਵ ਜੀ ਮਨੁਸ਼ ਸਰੂਪ ਵਿਚ ਗੁਰੂ ਹੋਏ। ਫਿਰ ਗੁਰੂ ਅੰਗਦ ਦੇਵ ਜੀ ਗੁਰੂ ਵੀ ਸ਼ਬਦ ਸਰੂਪ ਨਹੀਂ ਹੋਏ ਕਿੰਤੂ ਮਨੁਸ਼ ਸਰੂਪ ਵਿਚ ਹੀ ਹੋਇ ਹਨ ਫਿਰ ਦਸਾਂ ਗੁਰੂਆਂ ਤਕ ਸ਼ਬਦ ਨੂੰ ਗੁਰੂ ਨਹੀਂ ਮੰਨਿਆ ਗਿਆ ਤੇ ਸ੍ਰੀ ਦਸਮੇਸ਼ ਜੀ ਤੋਂ ਬਾਦ ਕਿਵੇਂ ਮੰਨਿਆ ਜਾ ਸਕਦਾ ਹੈ। ਔਰ-'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਦਾ ਵੀ ਅਖਰੀ ਅਰਥ ਕਰੀਏ ਤੇ ਇਹ ਬਣਦਾ ਹੈ ਕਿ ਸ਼ਬਦ ਗੁਰੂ ਤੇ ਸੁਰਤਿ--ਬ੍ਰਿਤੀ ਦੀ ਧੁਨਿ-- ਅਵਾਜ ਚੇਲਾ ਹੈ, ਗੁਰੂ ਜੀ ਖੁਦ ਜਾਂ ਗੁਰੂ ਸਾਹਿਬਾਂ ਦੀ ਬ੍ਰਿਤੀ ਸ਼ਬਦ ਗੁਰੂ ਦੀ ਚੇਲਾ ਨਹੀ ਕਿੰਤੂ ਬਿਰਤੀ ਦੀ ਹਰਕਤ ਸੇ ਪੈਦਾ ਹੋਈ ਧੁਨਿ ਹੀ ਚੇਲਾ ਹੈ। ਇਥੇ ਮਤਲਬ ਇਹ ਹੈ ਕਿ ਸਿਧਾਂ ਨਾਲ ਗੋਸਟ ਹੋਣ ਕਰਕੇ ਸਿਧ ਲੋਗ ਜਿਆਦਾ ਅਨਹਦ ਸ਼ਬਦ ਦੇ ਉਪਾਸ਼ਕ ਹੁੰਦੇ ਹਨ, ਉਨ੍ਹਾਂ ਦੇ ਪੁਛਣੇ ਪਰ ਗੁਰੂ ਜੀ ਨੇ ਉਨ੍ਹਾਂ ਦੇ ਸ਼ਬਦ ਧੇਯ ਨੂੰ ਸੁਰਤਿ ਦੀ ਧੁਨਿ ਦਾ ਗੁਰੂ ਕਿਹਾ। ਇਸੇ ਵਿਚ ਹੀ ਉਨ੍ਹਾਂ ਦੇ ਸਿਧਾਂਤ ਨੂੰ ਕਮਜ਼ੋਰ ਕਰ ਦਿਤਾ ਕਿ ਸ਼ਬਦ ਕਿਸੇ ਧੁਨਿ (ਛੋਟੀ ਆਵਾਜ਼) ਦਾ ਹੀ ਗੁਰੂ ਹੋ ਸਕਦਾ ਹੈ। ਅੰਤਾ ਕਰਨ ਸਹਿਤ ਕਿਸੇ ਦੇਹਧਾਰੀ ਵਿਅਕਤੀ ਦਾ ਨਹੀਂ, ਜੇਕਰ ਇੰਜ ਨਾ ਹੁੰਦਾ ਤਾਂ ਇਸੇ ਤੁਕ ਤੋਂ ਅਗਲੀ ਤੁਕ ਵਿਚ ਹੀ ਗੁਰੂ ਜੀ ਨੇ ਕਿਉਂ ਕਹਿਣਾ ਸੀ ਕਿ 'ਅਕਥ ਕਥਾ ਲੇ ਰਹਉ ਨਿਰਾਲਾ। ਨਾਨਕ ਜੁਗ ਜੁਗ ਗੁਰ ਗੋਪਾਲਾ।' ਕਿ ਜੁਗੋ ਜੁਗ ਗੁਰੂ ਗੋਪਾਲ ਪ੍ਰਮਾਤਮਾ ਹੈ, ਤਾਂ ਤੇ ਗੁਰੂ ਜੀ ਦਾ ਸ਼ਦਦ ਗੁਰੂ ਨਹੀਂ ਸੀ। ਇਥੇ ਸ਼ੰਕਾ ਪੈਦਾ ਹੋਵੇਗਾ ਕਿ ਗੁਰੂ ਜੀ ਦਾ ਸ਼ਬਦ ਗੁਰੂ ਜੀ ਨੇ ਪ੍ਰਮਾਤਮਾ ਨੂੰ ਗੁਰੂ ਕਿਉਂ ਕਿਹਾ। ਇਸ ਸ਼ੰਕਾ ਦਾ ਸਮਾਧਾਨ ਹੈ ਕਿ ਗੁਰੂ ਘਰ ਵਿਚ ਗੁਰ ਪ੍ਰਮੇਸੁਰ ਏਕੋ ਜਾਨ, ਵਾਕ ਅਨੁਸਾਰ ਗੁਰੂ ਨੂੰ ਪ੍ਰਮੇਸ਼ਰ ਦਾ ਦਰਜਾ ਪ੍ਰਾਪਤ ਹੈ ਇਸ ਲਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਮਾਤਮਾ ਹੀ ਗੁਰੂ ਕਹਿ ਦਿਤਾ ਹੈ। ਨਹੀਂ ਤਾਂ ਗੁਰੂ ਦਾ ਲਖਸ਼ਣ, ਬ੍ਰਹਮ ਖੰਦੇ ਸੋ ਸਤਿਗੁਰ ਕਹੀਐ ਆਦਕ ਕੀਤਾ ਹੈ, ਅਥਵਾ ਪੰਜੇ ਦੂਤ ਕੀਤੇ ਵਸਿ ਛਿਕੇ ਆਦਿਕ ਲਿਖਿਆ ਹੈ।

ਹਕੀਮ—ਇੰਜ ਤਾਂ ਸ੍ਰੀ ਮੁਖ ਵਾਕ ਬਾਣੀ ਵਿਚ ਵੀ ਲਿਖਯਾ ਹੈ ਕਿ ਬਾਣੀ ਗੁਰੂ ਗੁਰੂ ਹੈ ਬਾਣੀ। ਜਾਂ ਸਤਿਗੁਰ ਬਚਨੁ ਬਚਨੁ ਹੈ ਸਤਿਗੁਰ, ਤਾਂ ਇਹ ਕਿਉਂ ਲਿਖਿਆ ਹੈ।

ਸੁਵਾਮੀ ਜੀ—ਇਨ੍ਹਾਂ ਵਾਕਾਂ ਦਾ ਇਹੋ ਹੀ ਅਰਥ ਮੰਨਿਆ ਜਾਵੇ ਕਿ ਬਾਣੀ ਗੁਰੂ ਹੈ ਤੇ ਗੁਰੂ ਬਾਣੀ ਹਨ ਤਾਂ ਇੰਜ ਸ੍ਰੀ ਮੁਖ ਵਾਕ ਪ੍ਰਮਾਣ ਹੋਰ ਵੀ ਮਿਲਦੇ ਹਨ, ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ। (ਆਸਾ ਛੰਤ ਮ: ੪) ਕਿ ਗੁਰੂ ਸਿਖ ਹੈ ਤੇ ਸਿਖ ਗੁਰੂ ਹੈ। ਤਾਂਤੇ ਜਦ ਸਿਖ ਵੀ ਗੁਰੂ ਹੋ ਸਕਦਾ ਹੈ ਤੇ ਫਿਰ ਗੁਰੂ ਬਾਣੀ ਹੀ ਗੁਰੂ ਹੈ। ਇਹ ਅਰਥ ਕਿਵੇਂ ਕਾਇਮ ਰਹਿ ਸਕੇਗਾ, ਕਿਉਂਕਿ ਜੇਹੜਾ ਗੁਰੂ ਸਿਖ ਸਾਧਨ ਸਪੰਨ ਹੋ ਜਾਵੇਗਾ ਉਹੋ ਹੀ ਗੁਰੂ ਮੰਨਿਆ ਜਾਵੇਗਾ ਤਾਂ ਬਾਣੀ ਨੂੰ ਗੁਰਿਆਈ ਦਿਤੀ ਗਈ ਦੇ ਕੀ ਅਰਥ ਹੋ ਸਕਣਗੇ। ਇਹ ਵੀ ਯਾਦ ਰਹੇ ਕਿ ਸਿਖ ਵਿਚ ਅੰਤਾ ਕਰਨ ਹੈ ਉਸ ਵਿਚ ਤੇ ਗੁਰਤਾ ਕਾਇਮ ਹੋ ਸਕੇਗੀ ਕਿੰਤੂ ਬਾਣੀ ਵਿਚ ਜਦ ਅੰਤਾ ਕਰਨ ਭਾਵ ਮਨ ਬੁਧਿ ਚਿਤ ਹੰਕਾਰ ਆਦਕ ਨਹੀਂ ਤਾਂ ਗੁਰਤਾ ਦੇ 'ਪੰਜੇ ਦੂਤ ਕੀਤੇ ਵਸਿ ਛਿਕੇ' ਆਦਕ ਲਖਸ਼ਨ ਨਹੀਂ ਘਟ ਸਕਣਗੇ। ਤਾਂਤੇ ਉਪ੍ਰੋਕਤ 'ਬਾਣੀ ਗੁਰੂ ਗੁਰੂ ਹੈ ਬਾਣੀ' ਆਦਕ ਵਾਕਾਂ ਦਾ ਇਹ ਅਰਥ ਨਹੀਂ। ਅਰਥ ਸਾਫ ਹੈ ਕਿ ਬਾਣੀ ਗੁਰੂ ਦੀ ਗੁਰੂ (ਪੂਜਯ ਸਤਿਕਾਰ ਯੋਗ ਹੈ) ਬਾਣੀ ਵਿਚ ਬਾਣੀ ਦੁਆਰਾ ਸਾਰੇ ਅੰਮ੍ਰਿਤ ਰੂਪ ਵੈਰਾਗ ਆਦਕ ਵਰਣਨ ਹੁੰਦੇ ਹਨ, ਗੁਰੂ ਬਾਣੀ ਦੁਆਰਾ ਜਦ ਵੈਰਾਗ ਆਦਕ ਕਹਿਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਸ਼ਯ ਕੇ ਪ੍ਰਤਿ ਤਾਂ ਸੇਵਕ (ਸ਼ਿਸ਼ਯ) ਮਨਨ ਕਰ ਲਵੇ ਤਾਂ ਪ੍ਰਤੱਖ ਗੁਰੂ ਸੇਵਕ ਦਾ ਨਿਸਤਾਰਾਂ ਕਰਦੇ ਹਨ। ਬਗੈਰ ਮਨਨ ਕੀਤੇ ਦੇ ਪ੍ਰਤੱਖ ਸਾਹਮਣੇ ਬੈਠੇ ਗੁਰੂ ਵੀ ਨਿਸਤਾਰਾ ਨਹੀਂ ਕਰਨਗੇ, ਕਿਉਂਕਿ ਸ੍ਰੀ ਅਰਜਨ ਦੇ ਸਾਹਮਣੇ ਕੋਲ ਹੀ ਸ੍ਰੀ ਕ੍ਰਿਸ਼ਨ ਜੀ ਰਹਿੰਦੇ ਸਨ ਪਰ ਜਦ ਸ੍ਰੀ ਕ੍ਰਿਸ਼ਨ ਜੀ ਦੇ ਵਾਕਾਂ ਨੂੰ ਸ੍ਰੀ ਅਰਜਨ ਜੀ ਨੇ ਮਨਨ ਕੀਤਾ ਤਾਂ ਸ਼੍ਰੀ ਗੀਤਾ ਜੀ ਦੇ ਅੰਤ ਵਿਚ ਕਿਹਾ ਕਿ 'ਨਸ਼ਟੋ ਮੋਹ: ਸਮ੍ਰਿਤਿਰ ਲਬਧਾ' ਮੋਹ ਨਸ਼ਟ ਹੋ ਗਿਆ ਹੈ ਸਿਮ੍ਰਤੀ ਪ੍ਰਾਪਤ ਹੋ ਗਈ ਹੈ। ਜਦ ਤਕ ਸ੍ਰੀ ਗੀਤਾ ਵਾਕ ਨਹੀਂ ਸੁਣੇ ਤੇ ਮਨਨ ਕੀਤੇ ਤਦ ਤਕ ਮੋਹ ਨਸ਼ਟ ਨਾ ਹੋਇਆ। ਗੁਰੂ ਵਾਕ ਵੀ ਹੈ 'ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ। ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰ। (ਵਡਹੰਸ ਕੀ ਵਾਰ ਮ: ੩) ਕੇਵਲ ਗੁਰੂ ਦੇ ਡਿਠੇ, ਦੇਖਣੇ ਸੇ ਹੀ ਮੁਕਤੀ ਨਹੀਂ ਜਦ ਤਕ ਗੁਰੂ ਦੇ ਕਹੇ ਹੋਏ ਉਪਦੇਸ਼ ਨੂੰ ਨਾ ਵਿਚਾਰੇ ਭਾਵ ਮਨਨ ਕਰਕੇ ਅਮਲ ਵਿਚ ਨਾ ਲਿਆਵੇ। ਜੇਕਰ ਆਪ ਦੇ ਆਸ਼ੇ ਅਨੁਸਾਰ ਅਰਥ ਕੀਤਾ ਜਾਵੇ ਤਾਂ ਇਹ ਅਰਥ ਹੋਵੇਗਾ ਕਿ ਬਾਣੀ ਗੁਰੂ ਦੀ ਗੁਰੂ ਹੈ, ਬਾਣੀ ਵਿਚ ਸਾਰੇ ਅੰਮ੍ਰਿਤ ਹਨ ਗੁਰ-ਬਾਣੀ ਕਹੈ ਤੇ ਉਸਨੂੰ ਸੇਵਕ ਜਨ ਮੰਨ ਲਵੇ ਤਾਂ ਗੁਰੂ ਪ੍ਰਤੱਖ ਹੋਕੇ ਨਿਸਤਾਰਾ ਕਰਦੇ ਹਨ, ਇਸ ਵਿਚ ਇਹ ਪ੍ਰਸ਼ਨ ਪੈਦਾ ਹੋਵਗਾ ਕਿ ਗੁਰੂ ਪ੍ਰਤੱਖ ਪ੍ਰਗਟ ਹੋਕੇ ਕਿਉਂ ਨਿਸਤਾਰਾ ਕਰਨਗੇ ਕਿਉਂਕਿ ਜਦ ਬਾਣੀ ਗੁਰੂ ਹੈ ਤੇ ਉਹ ਬਾਣੀ ਅਪ੍ਰਤਖ ਨਹੀਂ, ਪ੍ਰਤਖ ਸਾਹਮਣੇ ਹੈ ਤਾਂ ਫ਼ਿਰ ਬਾਣੀ ਤੋਂ ਅਲਗ ਕਿਸੇ ਹੋਰ ਗੁਰੂ ਨੂੰ ਪ੍ਰਗਟ ਹੋਕੇ ਨਿਸਤਾਰਾ ਕਰਨ ਦੀ ਕੀ ਲੋੜ ਹੋਵੇਗੀ। ਜੇਕਰ ਇਹ ਮੰਨਿਆ ਜਾਵੇ ਕਿ ਬਾਣੀ ਪ੍ਰਤੱਖ ਨਹੀਂ ਤਾਂ ਵੀ ਫਿਰ ਬਾਣੀ ਨੂੰ ਗੁਰੂ ਹੀ ਪ੍ਰਗਟ ਕਰ ਸਕਦਾ ਹੈ, ਬਾਣੀ ਪ੍ਰਗਟ ਕਰਨ ਹਿਤ ਕਿਸੇ ਮਨੁਸ਼ ਗੁਰੂ ਦੀ ਹੀ ਲੋੜ ਹੋਵੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੋਂ ਹੀ ਸਾਬਤ ਹੋ ਜਾਂਦਾ ਹੈ ਕਿ ਬਾਣੀ ਗੁਰੂ ਨਹੀਂ ਹੋ ਸਕੇਗੀ, ਕਿਉਂਕਿ ਸ਼ਿਸ਼ਯ ਦਾ ਨਿਸਤਾਰਾ ਕਰਨ ਵਾਸਤੇ ਫਿਰ ਵੀ ਕਿਸੇ ਗੁਰੂ ਨੂੰ ਮਨੁਸ਼ ਸਰੀਰ ਵਿਚ ਪ੍ਰਗਟ ਹੋਣਾ ਹੀ ਪਵੇਗਾ। ਅਗਰ ਇੰਜ ਮੰਨਿਆ ਜਾਵੇ ਕਿ ਜੇਹੜਾ ਗੁਰੂ ਪ੍ਰਤੱਖ ਹੋਕੇ ਨਿਸਤਾਰਾ ਕਰੇਗਾ ਉਹ ਬਾਣੀ ਦੁਆਰਾ ਉਪਦੇਸ਼ ਨਹੀਂ ਕਰੇਗਾ, ਉਪਦੇਸ਼ ਅਗੇ ਬਾਣੀ ਮੌਜੂਦ ਹੀ ਹੈ ਕੇਵਲ ਦਰਸ਼ਨ ਦੇਕੇ ਹੀ ਉਧਾਰ ਕਰੇਗਾ ਤਾਂ 'ਗੁਰੂ ਦੇ ਡਿਠੇ ਮੁਕਤਿ ਨ ਹੋਵਈ' ਆਦਕ ਵਾਕਾਂ ਦਾ ਅਰਥ ਕੀ ਕੀਤਾ ਜਾ ਸਕੇਗਾ ਔਰ ਜੇਕਰ ਪ੍ਰਗਟ ਹੋਕੇ ਉਪਦੇਸ਼ ਦੇਕੇ ਹੀ ਨਿਸਤਾਰਾ ਕਰੇਗਾ ਤਾਂ ਜੇਹੜਾ ਪਹਿਲੇ ਗੁਰੂ ਬਾਣੀ ਵਿਚ ਉਪਦੇਸ਼ ਮੌਜੂਦ ਹੈ ਉਸਦਾ ਕੀ ਅਸਰ ਹੋਇਆ। ਬਾਕੀ ਸ੍ਰੀ ਮੁਖ ਵਾਕ ਬਾਣੀ ਵਿਚ ਹੀ ਲਿਖਿਆ ਹੈ ਕਿ 'ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦ ਰਤੇ ਰੰਗੁ ਲਾਇ।' (ਪ੍ਰਭਾਤੀ ਮ: ੩) ਗੁਰੂ ਕੀ ਬਾਣੀ ਗੁਰੂ ਕੋਲੋਂ ਹੀ ਜਾਣੀ ਜਾਂਦੀ ਹੈ। ਇਸ ਲਈ ਗੁਰੂ ਬਾਣੀ ਨੂੰ ਵੀ ਜਾਨਣ ਵਾਸਤੇ ਕਿਸੇ ਗੁਰੂ ਦੀ ਹੀ ਲੋੜ ਹੈ ਜੋ ਬਾਣੀ ਤੋਂ ਅਲਗ ਹੀ ਮਨੁਸ਼ ਸਰੂਪ ਵਿਚ ਹੋ ਸਕਦਾ ਹੈ ਔਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ 'ਬੇਦ ਗ੍ਰੰਥ ਗੁਰ ਹਟ ਹੈ ਜਿਸ ਲਗ ਭਵਜਲ ਪਾਰ ਉਤਾਰਾ। ਸਤਿਗੁਰ ਬਾਝ ਨ ਬੁਝੀਐ ਜਿਚਰ ਧਰੇ ਨ ਗੁਰ ਅਵਤਾਰਾ।' (ਵਾਰ ੧ ਪਉੜੀ ੧੭) ਅਗਰ ਇਹ ਮੰਨਿਆ ਜਾਵੇਕਿ ਹੁਣ ਦਸਾਂ ਗੁਰੂ ਸਾਹਿਬਾਂ ਨੇ ਅਵਤਾਰ ਧਾਰਕੇ ਸਾਰੀ ਗਲ ਬਾਣੀ ਵਿਚ ਸਮਝਾ ਦਿਤੀਹੈਤਾਂ ਇੰਜ ਜੇਹੜੇਪਿਛਜੁਗਾਂ ਵਿਚ 'ਗੁਰੂ' ਹੋ ਚੁਕੇ ਹਨ ਉਨ੍ਹਾਂ ਵੀ ਸਾਰੀ ਗਲ ਆਪਣੀ ਬਾਣੀ ਦੁਆਰਾ (ਗ੍ਰੰਥਾਂ ਵਿਚ ਸਮਝਾ ਹੀ ਦਿਤੀ ਸੀ ਫਿਰ ਦਸਾਂ ਗੁਰੂ ਸਾਹਿਬਾਂ ਨੂੰ ਅਵਤਾਰ ਧਾਰਕੇ ਸਮਝਾਉਣ ਦੀ ਕੀ ਲੋੜ ਪੈ ਗਈ। ਜੇ ਇਹ ਗਲ ਮੰਨੀ ਜਾਵੇ ਕਿ ਪਹਿਲੇ ਜੁਗਾਂ ਵਿਚ 'ਗੁਰੂ' ਪੂਰਨ ਨਹੀਂ ਹੋਏ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਉਨ੍ਹਾਂ ਦੀ ਬਾਣੀ ਪੂਰਨ ਨਹੀਂ ਸੀ ਤਾਂ ਸ੍ਰੀ ਮੁਖ ਵਾਕ ਬਾਣੀ ਵਿਚ 'ਸਚੀ ਬਾਣੀ ਜੁਗ ਚਾਰੇ ਜਾਪੈ' (ਗਉੜੀ ਗੁਆਰੇਰੀ ਮ: ੩) ਅਤੇ 'ਗੁਰ ਕੈ ਸਬਦ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ। ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪ੍ਰਸਾਦੀ ਪਾਰ ਪਰੇ।' (ਭੈਰੋ ਮ: ੧) ਆਦਕ ਲਿਖਿਆ ਹੈ ਅਗਰ ਪਹਿਲੇ ਜੁਗਾਂ ਵਿਚ ਗੁਰੂ ਪੂਰਨ ਨਹੀਂ ਹੋਏ ਮੰਨੇ ਜਾਣ ਤਾਂ ਉਨ੍ਹਾਂ ਦੇ ਸ਼ਬਦ (ਬਾਣੀ) ਦੁਆਰਾ ਕਿਤਨੇ ਹੀ ਮੁਨੀ ਤੇ ਇੰਦ੍ਰਾਦਿਕ ਤਰੇ ਕਿਵੇਂ ਮੰਨੇ ਜਾ ਸਕਣਗੇ ਤੇ ਸਚੀ ਬਾਣੀ ਚਹੁੰ ਜੁਗਾਂ ਵਿਚ ਹੀ ਹੁੰਦੀ ਕਿਵੇਂ ਮੰਨੀ ਜਾ ਸਕੇਗੀ। ਬਲਕਿ 'ਨਾਮਾ ਛੀਂਬਾ ਕਬੀਰ ਜੋਲਾਹਾ ਪੂਰੇ ਗੁਰਤੇ ਗਤਿ ਪਾਈ।' (ਸ੍ਰੀ ਰਾਗ ਮ: ੩) ਵਿਚ ਨਾਮਦੇਵ ਛੀਂਬੇ ਤੇ ਕਬੀਰ ਜੁਲਾਹੇ ਨੇ ਪੂਰਨ ਗੁਰੂ ਕੋਲੋਂ ਗਤੀ ਪਾਈ ਲਿਖੀ ਹੈ। ਜੇਕਰ ਦਸਾਂ ਗੁਰੂ ਸਾਹਿਬਾਂ ਤੋਂ ਪਹਿਲੇ ਕੋਈ ਪੂਰਨ ਗੁਰੂ ਹੋਇਆ ਹੀ ਨਾ ਹੋਵੇ ਤਾਂ ਗੁਰੂ ਜੀ ਕਿਉਂ ਉਪ੍ਰੋਕਤ 'ਪੂਰੇ ਗੁਰ ਤੇ ਗਤਿ ਪਾਈ' ਲਿਖ ਰਹੇ ਹਨ। ਇਹ ਵੀ ਯਾਦ ਰਹੇ ਕਿ ਨਾਮਦੇਵ ਛੀਂਬਾ ਤੇ ਕਬੀਰ ਜੁਲਾਹਾ ਦਸਾਂ ਹੀ ਗੁਰੂ ਸਾਹਿਬਾਂ ਦੇ ਪ੍ਰਗਟ ਹੋਣ ਤੋਂ ਪਹਿਲੇ ਹੋ ਚੁਕੇ ਸਨ, ਕਿੰਤੂ ਕਬੀਰ ਜੀ ਦੇ ਗੁਰੂ ਭਾਈ ਗੁਰਦਾਸ ਜੀ ਦੀ (ਵਾਰ ੧੦ ਪਉੜੀ ੧੫) ਵਿਚੋਂ ਸ੍ਰੀ ਰਾਮਾਨੰਦ ਜੀ ਗੁਸਾਈ ਸਿਧ ਹੁੰਦੇ ਹਨ ਕਿ ਰਾਮਾਨੰਦ ਜੀ ਅੰਮ੍ਰਿਤ ਵੇਲੇ ਉਠਕੇ ਗੰਗਾ ਨਾਉਣ ਜਾਂਦੇ ਸਨ ਤੇ ਕਬੀਰ ਅਗੋਂ ਦੀ ਹੋਕੇ ਲੰਮਾ ਪੈ ਗਿਆ ਤਾਂ 'ਪੈਰੀਂ ਟੁੰਬ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ। ਜਿਉਂ ਲੋਹਾ ਪਾਰਸ ਛੁਹੇ ਚੰਦਨ ਵਾਸ ਨਿੰਮ ਮਹਿਕਾਈ। ਪਸੂ ਪਰੇਤਹੁੰ ਦੇਵ ਕਰ ਪੂਰੇ ਸਤਿਗੁਰ ਦੀ ਵਡਿਆਈ।' ਔਰ ਜੁਗਾਂ ਜੁਗਾਂ ਵਿਚ ਹੀ ਗੁਰੂਆਂ ਦੀ ਪੀੜ੍ਹੀ ਚਲਦੀ ਰਹਿੰਦੀ ਸ੍ਰੀ ਮੁਖ ਵਾਕ ਬਾਣੀ ਵਿਚੋਂ ਹੀ ਸਾਬਤ ਹੁੰਦੀ ਹੈ। 'ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜ੍ਹੀ ਗੁਰੂ ਚਲੰਦੀ। ਜੁਗਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮ ਧਿਆਇਆ ।' (ਸਿਰੀ ਰਾ: ਮ: ੪ ਛੰਤ) ਇਸ ਵਾਕ ਅਨੁਸਾਰ ਇਸ ਕਲਜੁਗ ਵਿਚ ਵੀ ਗੁਰੂਆਂ ਦੀ ਪੀੜੀ ਚਲਦੀ ਨਹੀਂ ਖਤਮ ਹੋਣੀ ਚਾਹੀਦੀ। ਕਿੰਤੂ ਬਾਣੀ ਨੂੰ ਗੁਰੂ ਮੰਨਣ ਕਰਕੇ ਗੁਰੂਆਂ ਦੀ ਪੀੜੀ ਚਲਦੀ ਬੰਦ ਹੋ ਜਾਂਦੀ ਹੈ ਅਤੇ ਉਪ੍ਰੋਕਤ ਬਾਣੀ ਗੁਰੂ ਹੈ ਕੀਤੇ ਗਏ ਅਰਥ ਅਨੁਸਾਰ 'ਗੁਰ-ਬਾਣੀ ਕਹੈ ਸੇਵਕ ਜਨ ਮਾਨੈ' ਦਾ ਅਰਥ ਇਹ ਸਿਧ ਹੋ ਜਾਂਦਾ ਹੈ ਕਿ ਸੇਵਕ ਨੂੰ ਗੁਰਬਾਣੀ ਕਹੈ ਤੇ ਸੇਵਕ ਜਨ ਮੰਨ ਲਏ ਤਾਂ ਗੁਰੂ ਪ੍ਰਗਟ ਹੋਕੇ ਨਿਸਤਾਰਾ ਕਰਦੇ ਹਨ। ਪਰੰਤੂ ਲਿਖਤ ਵਿਚ ਆਈ ਬਾਣੀ ਆਪੇ ਸ਼ਿਸ਼ਾਂ ਨੂੰ ਕੁਛ ਨਹੀਂ ਕਹਿ ਸਕਦੀ ਬਲਕਿ ਸੇਵਕ ਆਪ ਪੜ੍ਹਦੇ ਹਨ ਔਰ ਆਪਣੀ ਬੁਧੀ ਅਨੁਸਾਰ ਹੀ ਅਰਥ ਸਮਝਦੇ ਹਨ। ਬਾਕੀ ਇੱਥੇ ਇਹ ਪ੍ਰਸ਼ਨ ਪੈਦਾ ਹੁੰਦੇ ਹਨ ਕਿ ਜਕਰ ਬਾਣੀ ਦੇ ਕਹੇ ਹੋਏ ਨੂੰ ਸੇਵਕ ਜਨ ਮੰਨ ਲਵੇ ਤਾਂ ਬਾਣੀ ਹੀ ਪ੍ਰਤਖ ਗੁਰੂ ਹੋਕੇ ਤਾਰੇਗੀ ਜਾਂ ਕਿ ਬਾਣੀ ਤੋਂ ਅਲਗ ਕੋਈ ਹੋਰ ਗੁਰੂ ਪ੍ਰਤਖ ਸਾਹਮਣੇ ਪ੍ਰਗਟ ਹੋਕੇ ਤਾਰ-ਨਗੇ। ਜੇਕਰ ਬਾਣੀ ਹੀ ਪ੍ਰਤੱਖ ਗੁਰੂ ਹੋਕੇ ਤਾਰੇਗੀ ਤਾਂ ਕਿਸ ਸਰੂਪ ਵਿਚ 'ਗੁਰੂ' ਹੋਵੇਗੀ, ਜੇ ਕਿਸੇ ਮਨੁਸ਼ ਸਰੂਪ ਵਿਚ ਹੋਵੇਗੀ ਤਾਂ ਵੀ ਫਿਰ ਸੇਵਕ ਦਾ ਨਿਸਤਾਰਾ ਕਿਸੇ ਮਨੁਸ਼ ਸਰੂਪ 'ਗੁਰੂ' ਦੁਆਰਾ ਹੀ ਹੋਇਆ। ਬਾਣੀ ਸਰੂਪ ਗੁਰੂ ਕੋਲੋਂ ਹੀ ਨਹੀਂ ਅਤੇ ਬਾਣੀ ਮਨੁਸ਼ ਦਾ ਸਰੂਪ ਧਾਰੇਗੀ ਵੀ ਕਿਵੇਂ, ਕਿਉਂਕਿ ਬਾਣੀ ਗੁਰੂ ਸਾਹਿਬਾਂ ਦਾ ਜੀਵਾ-ਤਮਾ (ਜੋਤਿ) ਨਹੀਂ ਬਲਕਿ ਸੇਵਕਾਂ ਦੇ ਜੀਵਾਤਮਾ ਨੂੰ ਕੀਤਾ ਹੋਇਆ ਉਪਦੇਸ਼ ਹੈ ਅਤੇ ਜੇਕਰ ਮਨੁਸ਼ ਸਰੂਪ ਹੋਕੇ ਤਾਰੇਗੀ ਵੀ ਤਾਂ ਵੀ ਫਿਰ ਬਾਣੀ ਦੁਆਰਾ ਉਪਦੇਸ਼ ਕਰੇਗੀ ਜਾਂ ਕਿ ਕਿਸੇ ਹੋਰ ਕ੍ਰਿਆ ਸੇ ਤਾਰੇਗੀ, ਜੇਕਰ ਮੂੰਹ ਬੋਲਕੇ ਬਾਣੀ ਦੁਆਰਾ ਉਪਦੇਸ਼ ਕਰਕੇ ਤਾਰੇਗੀ ਤਾਂ ਮੌਜੂਦਾ ਬਾਣੀ ਵਿਚ ਜੋ ਵੈਰਾਗ ਭਗਤੀ ਆਦਕ ਉਪਦੇਸ਼ ਹੈ ਇਸਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਕਾਰ ਹੀ ਕੀ ਰਹਿ ਜਾਵੇਗਾ ਤੇ ਇਸਨੂੰ ਸੇਵਕ ਮਨਨ ਕਰੇ ਕਿਉਂ ਕਿਹਾ ਕਿਉਂਕਿ ਮਨਨ ਤਾਂ ਫਿਰ ਸੇਵਕ ਨੂੰ ਉਹ ਉਪਦੇਸ਼ ਕਰਨਾ ਪਵੇਗਾ ਜੋ ਮਨੁਸ਼ ਸਰੂਪ ਗੁਰੂ ਹੋਕੇ ਕਰੇਗੀ ਔਰ ਜੇਕਰ ਕਿਸੇ ਹੋਰ ਕ੍ਰਿਆ ਸੇ ਤਾਰੇਗੀ ਤਾਂ ਵੀ ਇਸ ਮੌਜੂਦਾ ਬਾਣੀ ਵਿਚ ਕੀਤੇ ਉਪਦੇਸ਼ ਦੀ ਕੋਈ ਲੋੜ ਹੀ ਨਹੀਂ ਰਹਿ ਜਾਂਦੀ। ਤਾਂ ਸੇਵਕ ਜਨ ਮਨਨ ਕਿਉਂ ਕਰੇਗਾ, ਅਗਰ ਇੰਜ ਮੰਨਿਆ ਜਾਵੇ ਕਿ ਬਾਣੀ ਤੋਂ ਅਲਗ ਕੋਈ ਹੋਰ ਗੁਰੂ ਪ੍ਰਤਖ ਹੋਕੇ ਤਾਰਨਗੇ ਜਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਹੀ ਪ੍ਰਤੱਖ ਹੋਕੇ ਤਾਰਨਗੇ ਤਾਂ ਜਦ ਬਾਣੀ ਗੁਰੂ ਹੈ ਤੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਂ ਨੂੰ ਫਿਰ ਗੁਰੂ ਸਰੂਪ ਵਿਚ ਹੀ ਪ੍ਰਗਟ ਹੋਕੇ ਤਾਰਨ ਦੀ ਕੀ ਲੋੜ ਰਹਿ ਜਾਵੇਗੀ। ਕੀ ਬਾਣੀ ਕੋਈ ਅਪਰਤਖ ਗੁਰੂ ਹੈ ਜੇ ਇੰਜ ਹੀ ਹੋਵੇ ਤਾਂ ਸੇਵਕ ਨੂੰ ਅਪਰਤਖ ਗੁਰ-ਬਾਣੀ ਕਹੇਗੀ ਵੀ ਕਿਵੇਂ ਜੋ ਸੇਵਕ ਜਨ ਮੰਨ ਲਵੇ। ਜੇਕਰ ਪ੍ਰਤਖ ਗੁਰੂ ਹੈ ਤਾਂ ਫਿਰ ਕਿਸੇ ਹੋਰ ਗੁਰੂ ਦੇ ਪ੍ਰਤਖ ਹੋਣ ਦੀ ਲੋੜ ਕਿਉਂ। ਇਸ ਅਰਥ ਮੁਤਾਬਕ ਹੀ ਸਾਬਤ ਹੋ ਜਾਂਦਾ ਹੈ ਕਿ ਬਾਣੀ ਗੁਰੂ ਨਹੀਂ, ਔਰ ਪਿਛਲੇ ਜੁਗਾਂ ਵਿਚ ਜੋ ਗੁਰਬਾਣੀ ਉਚਾਰਨ ਹੋ ਚੁਕੀ ਸਿਧ ਹੁੰਦੀ ਹੈ ਉਸ ਗੁਰਬਾਣੀ ਦੇ ਕਹੇ ਹੋਏ ਨੂੰ ਜੇਕਰ ਸੇਵਕ ਜਨ ਮੰਨ ਲੈਣ ਤਾਂ ਉਹ ਪਿਛਲੇ ਜੁਗਾਂ ਦੇ ਉਸ ਬਾਣੀ ਦੇ ਉਚਾਰਨ ਕਰਨ ਵਾਲੇ ਗੁਰੂ ਹੀ ਫਿਰ ਪ੍ਰਤਖ ਹੋਕੇ ਤਾਰ ਸਕਣਗੇ ਤਾਂ ਫਿਰ ਇਸ ਬਾਣੀ ਦੇ ਗੁਰੂ ਹੋਣ ਤੇ ਦਸਾਂ ਗੁਰੂ ਸਾਹਿਬਾਂ ਦੇ ਗੁਰੂ ਹੋਣ ਦੀ ਭਾਵਨਾ ਹੀ ਨਹੀਂ ਪੈਦਾ ਹੋ ਸਕਦੀ ਸੀ। ਤਾਂਤੇ ਬਾਣੀ ਹੀ ਗੁਰੂ ਹੈ, ਇਹ ਅਰਥ ਠੀਕ ਨਹੀਂ ਬੈਠਦਾ, ਅਤੇ ਸਤਿਗੁਰ ਬਚਨੁ ਬਚਨੁ ਹੈ ਸਤਿਗੁਰ ਦਾ ਅਰਥ ਵੀ ਇਹ ਨਹੀਂ ਕੀਤਾ ਜਾ ਸਕਦਾ ਕਿ ਸਤਿਗੁਰੂ ਬਚਨ ਹਨ ਤੇ ਬਚਨ ਸਤਿਗੁਰੂ ਹਨ ਕਿਉਂਕਿ ਸਤਿਗੁਰੂ ਸਹਿਤ ਅੰਤਾ ਕਰਨ ਦੇ ਹਨ ਬਚਨ ਅੰਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਰਹਿਤ ਪ੍ਰਤੀਤ ਹੁੰਦੇ ਹਨ, ਕਾਰਨ ਇਹ ਕਿ ਬਚਨ ਜਗਿਆਸੂ ਪ੍ਰਤਿ ਉਪਦੇਸ਼ ਹੈ ਤਾਂਤੇ ਸਤਿਗੁਰਾਂ ਦਾ ਅੰਤ: ਕਰਨ ਰਹਿਤ ਬਚਨ ਸਰੂਪ (ਜਗਿਆਸੂ ਪ੍ਰਤੀ ਉਪਦੇਸ਼ ਮਾਤ੍ਰ) ਹੀ ਹੋ ਜਾਣਾ ਔਰ ਬਚਨ ਉਪਦੇਸ਼ ਨੂੰ ਅੰਤਾ ਕਰਨ ਸਹਿਤ ਸਤਿਗੁਰੂ ਮੰਨਣਾ ਮੁਸ਼ਕਲ ਹੋ ਜਾਂਦਾ ਹੈ। ਇਥੇ ਵੀ ਸਾਫ ਅਰਥ ਇਹ ਹੈ ਕਿ ਜਗਿਆਸੂ ਦੇ ਤਰਨੇ ਲਈ ਸਤਿਗੁਰੂ ਦਾ ਬਚਨ ਹੀ ਬਚਨ ਹੈ ਭਾਵ ਬਚਨ ਦੁਆਰਾ ਹੀ ਸਤਿਗੁਰੂ ਮੁਕਤੀ ਦਾ ਰਸਤਾ ਜਣਾਉਂਦੇ ਹਨ, ਅਥਵਾ ਸਤਿਗੁਰੂ ਦਾ ਬਚਨ ਉਪਦੇਸ਼ ਹੀ ਬਚਨ ਮਹਾਂ ਵਾਕ ਹੈ ਜਿਸ ਦੁਆਰਾ ਸਤਿਗੁਰੂ ਮੁਕਤੀ ਦਾ ਰਸਤਾ ਜਣਾਉਂਦੇ ਹਨ। ਜਿਵੇਂ ਇਨ੍ਹਾਂ ਸ਼ਬਦਾਂ ਵਿਚ ਹੀ ਪਾਠ ਹੈ ਕਿ 'ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤ ਪਾਵੈਗੋ' (ਕਾਨੜਾ ਮ: ੪) ਭਾਵ ਜੀਵ ਦੇ ਤਰਨੇ ਲਈ ਸਤਿਗੁਰੂ ਦਾ ਬਚਨ ਹੀ ਬਚਨ ਨੀਕੋ, ਸ੍ਰੇਸ਼ਟ ਹੈ। ਗੁਰਾਂ ਦੇ ਬਚਨਾਂ ਦੁਆਰਾ ਹੀ ਅੰਮ੍ਰਿਤ (ਮੋਖ) ਪਾਵੇਗਾ। ਕਈ ਵਿਦਵਾਨ ਇੰਜ ਵੀ ਅਰਥ ਕਰਦੇ ਹਨ ਕਿ ਸਤਿਗੁਰੂ ਦਾ ਬਚਨ ਹੀ ਜਗਿਆਸੂ ਦੇ ਬਚਨ. ਬਚਣੇ ਲਈ ਹੈ। ਪਰੰਤੂ ਜੇ ਕਦੀ ਆਪ ਕੇ ਅਰਥ ਨੂੰ ਮੰਨੀਏ ਤਾਂ ਫਿਰ ਓਹੋ ਸਾਰੇ ਪ੍ਰਸ਼ਨ ਪੈਦਾ ਹੁੰਦੇ ਹਨ ਜੋ ਬਾਣੀ ਗੁਰੂ ਗੁਰੂਹੈ ਬਾਣੀ ਦੇ ਅਰਥ ਵਿਚ ਉਪ੍ਰੋਕਤ ਹੋਏ ਹਨ। ਅਤੇ ਇਥੇ ਇਹ ਵੀ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਹ ਕੇਹੜਾ ਬਚਨ ਹੈ ਜੋ ਸਤਿਗੁਰੂ ਹੈ ਅਤੇ ਜੇ ਕੋਈ ਵਿਚ ਇਕ ਹੈ ਤਾਂ ਫਿਰ ਵੀ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਵਾਕ ਨਾਲ ਗੁਰੂ ਸਿਧ ਨਹੀਂ ਹੋ ਸਕੇਗਾ। ਜੇਕਰ ਇਹ ਮੰਨਿਆ ਜਾਵੇ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਸਤਿਗੁਰੂ ਹਨ ਤਾਂ ਇਥੇ ਸਤਿਗੁਰ ਬਚਨ ਬਚਨ ਹਨ ਸਤਿਗੁਰ ਇੰਜ ਬਹੁਵਚਨ ਪਾਠ ਨਹੀਂ ਕਿੰਤੂ ਸਤਿਗੁਰ ਬਚਨ ਬਚਨ ਹੈ ਸਤਿਗਰ ਇਕ ਵਚਨਪਾਠਮਲੂਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੈ। ਔਰ ਇਹ ਚੌਥੇ ਗੁਰੂ ਜੀ ਦਾ ਵਾਕ ਹੈ, ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਨਹੀਂ ਸੀ ਤਯਾਰ ਹੋਈ, ਕਿਉਂਕਿ ਬੀੜ ਪੰਜਵੇਂ ਗੁਰੂ ਜੀ ਨੇ ਤਯਾਰ ਕੀਤੀ ਦਸੀ ਜਾਂਦੀ ਹੈ। ਬਾਕੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸਾਰੇ ਬਚਨ ਗੁਰੁ ਸਾਹਿਬਾਂ ਦੇ ਹੀ ਨਹੀਂ ਭਗਤਾਂ ਅਤੇ ਭਟਾਂ ਆਦਕਾਂ ਦੇ ਵੀ ਬਿਅੰਤ ਹਨ, ਕਿੰਤੂ ਭਗਤਾਂ ਭਟਾਂ ਨੂੰ ਜਦ ਅਸੀਂ ਗੁਰੂ ਸਾਹਿਬਾਂ ਦੀ ਤੁਲਤਾ ਨਹੀਂ ਦੇ ਸਕਦੇ ਤੇ ਨਾ ਹੀ ਅਸੀਂ ਉਨ੍ਹਾਂ ਨੂੰ ਗੁਰੂ ਮੰਨਣ ਦੇ ਹਾਮੀ ਹਾਂ, ਤਾਂ ਉਨ੍ਹਾਂ ਭਗਤਾਂ ਦੇ ਬਚਨਾਂ ਨੂੰ ਵਿਚੋ ਗੁਰੂ ਕਿਵੇਂ ਮੰਨਿਆ ਜਾ ਸਕੇਗਾ। ਅਤੇ ਬਾਣੀ ਗੁਰੂ ਦੇ ਹਾਮੀ ਹੀ ਗੁਰਮਤ ਦਰਸ਼ਨ ਆਦਕਾਂ ਵਿਚ ਨਾਮਦੇਵ ਜੀ ਆਦਕਾਂ ਦੀ ਬਾਣੀ ਦੇ ਹਿਸੇ ਨੂੰ ਪਹਿਲੀ ਹਾਲਤ ਦੀ ਬਾਣੀ ਹੈ. ਲਿਖ ਰਹੇ ਹਨ ਤਾਂ ਉਸ ਪਹਿਲੀ ਹਾਲਤ ਦੇ ਹਿਸੇ ਨੂੰ ਕਚੇ ਬਚਨ ਹੋਣ ਕਰਕੇ ਗੁਰੂ ਨਹੀ ਮੰਨਿਆ ਜਾ ਸਕੇਗਾ ਔਰ ਸ੍ਰੀ ਦਸਮੇਸ਼ ਜੀ ਦੇ ਬਚਨ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਉਹ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ, ਇਸ ਲਈ ਦਸਮ ਗੁਰੂ ਗ੍ਰੰਥ ਸਾਹਿਬ ਵੀ ਗੁਰੂ ਸਿਧ ਹੋਵੇਗਾ. ਬਲਕਿ ਜਿਥੇ ਜਿਥੇ ਵੀ ਗੁਰੂ ਸਾਹਿਬਾਂ ਨੇ ਜੰਗ ਜੁਧ ਕਰਦਿਆਂ ਸਾਰੀ ਜ਼ਿੰਦਗੀ ਵਿਚ ਕੋਈ ਬਚਨ ਬੋਲੇ ਹੋਣਗੇ ਉਹ ਸਾਰੇ ਬਚਨ ਹੀ ਉਥੇ ਸਤਿਗੁਰੂ ਹੋਣੇ ਚਾਹੀਦੇ ਹਨ। ਜੇ ਇਹ ਗਲ ਆਖੀ ਜਾਵੇ ਕਿ ਜੰਗ ਜੁਧ ਕਰਦਿਆਂ ਸਾਰੀ ਜ਼ਿੰਦਗੀ ਵਿਚ ਬੋਲੇ ਹੋਏ ਬਚਨ ਗੁਰੂ ਨਹੀਂ ਤਾਂ ਸੰਕੇਤ ਕਰਨਾ ਪਵੇਗਾ ਕਿਤਨੇ ਔਰ ਕਿਸ ਆਸ਼ਯ ਵਾਲੇ ਬਚਨ ਹੀ ਸਤਿਗੁਰੂ ਮੰਨੇ ਜਾ ਸਕਣਗੇ ਅਤੇ ਦਸਾਂ ਗੁਰੂ ਸਾਹਿਬਾਂ ਦੇ ਬਚਨ ਮਿਲਕੇ ਇਕ ਗੁਰੂ ਸਿਧ ਹਨ ਕਿ ਜਾਂ ਇਕ ਇਕ ਗੁਰੂ ਸਾਹਿਬ ਜੀ ਦੇ ਬਚਨ ਹੀ ਗੁਰੂ ਮੰਨੇ ਜਾ ਸਕਦੇ ਹਨ। ਜੇ ਇਕ ਇਕ ਗੁਰੂ ਦੇ ਬਚਨ ਹੀ ਗੁਰੂ ਹੋ ਸਕਣਗੇ ਤਾਂ ਇੰਜ ਗੁਰੂਆਂ ਦੀ ਗਿਣਤੀ ਦਸਾਂ ਤੋਂ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਧ ਜਾਵੇਗੀ, ਤੇ ਫਿਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇਕ ਮੌਜੂਦਾ ਗੁਰੂ ਹਨ ਵੀ ਨਹੀਂ ਹੋ ਸਕਣਗੇ ਔਰ ਜੇਕਰ ਮਿਲਕੇ ਬਚਨ ਗੁਰੂ ਹੋ ਸਕਦੇ ਹਨ ਤਾਂ ਇਕ ਇਕ ਗੁਰੂ ਸਾਹਿਬ ਦੇ ਬਚਨ 'ਗੁਰੂ' ਨਾ ਹੋ ਸਕਣ ਦੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸਾਂ ਹੀ ਗੁਰੂ ਸਾਹਿਬਾਂ ਦੇ ਬਚਨ (ਬਾਣੀ) ਨਾ ਹੋਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਹੀਂ ਮੰਨੇ ਜਾਣਗੇ। ਤਾਂਤੇ ਉਤੇ ਇਸ ਵਾਕ ਦਾ ਜੋ ਅਰਥ ਕੀਤਾ ਗਿਆ ਹੈ ਕਿ ਜਗਿਆਸੂ ਦੇ ਤਰਨੇ ਲਈ ਸਤਿਗੁਰੂ ਦਾ ਬਚਨ ਹੀ ਬਚਨ ਹੈ, ਆਦਕ ਠੀਕ ਬੈਠਦਾ ਹੈ। ਇਸ ਲਈ ਜਗਿਆਸੂ ਸਤਿਗੁਰੂ ਦੇ ਬਚਨ, ਉਪਦੇਸ਼ ਨੂੰ ਹੀ ਹਿਰਦੇ ਵਿਚ ਵਸਾਵੇ।

ਹਕੀਮ-ਮੈਂ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ। ਮੈਂ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ। ਰਹਾਉ। (ਸੂਹੀ ਮ: ੪)

ਗੁਰਬਾਣੀ ਹੀ ਆਧਾਰ ਲਿਖਿਆ ਹੈ।

ਸੁਵਾਮੀ ਜੀ—ਇਹ ਵਾਕ ਚੌਥੇ ਗੁਰੂ ਜੀ ਦਾ ਹੈ ਉਹ ਕਹਿ ਰਹੇ ਹਨ ਕਿ ਮੈਨੂੰ ਗੁਰਬਾਣੀ ਦਾ ਹੀ ਆਧਾਰ ਹੈ, ਤਾਂ ਕੀ, ਸ੍ਰੀ ਗੁਰੂ ਰਾਮਦਾਸ ਜੀ ਦੇ 'ਗੁਰੂ' ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਸਨ ਕਿ ਉਨ੍ਹਾਂ ਦੀ ਉਚਰੀ ਹੋਈ ਬਾਣੀ ਹੀ ਗੁਰੂ ਸੀ। ਜੇਕਰ ਬਾਣੀ ਹੀ ਗੁਰੂ ਸੀ ਤਾਂ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਕੀ ਮੰਨਦੇ ਹੁੰਦੇ ਸਨ ਜੇ ਗੁਰੂ ਹੀ ਮੰਨਦੇ ਸਨ ਤਾਂ ਫਿਰ ਬਾਣੀ ਗੁਰੂ ਕਿਵੇਂ ਸਿਧ ਹੋ ਗਈ ਅਤੇ ਜੇਕਰ ਗੁਰੂ ਨਹੀਂ ਸਨ ਮੰਨਦੇ ਤਾਂ ਸ੍ਰੀ ਗੁਰੂ ਅਮਰ ਦਾਸ ਜੀ ਤੀਜੇ ਗੁਰੂ ਗੱਦੀ ਤੇ ਬ੍ਰਿਾਜਮਾਨ ਕਿਵੇਂ ਮੰਨੇ ਜਾ ਸਕਣਗੇ, ਬਾਕੀ ਇੰਜ ਤਾਂ ਸ੍ਰੀ ਮੁਖ ਵਾਕਾਂ ਵਿਚ ਗੁਰੂ ਜੀ ਦੇ ਚਰਨ ਹੀ ਆਸਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਅਤੇ:-'ਸਾਚਾ ਨਾਮ ਮੇਰਾ ਆਧਾਰੋ ।' ਆਦਕ ਸਚਾਨਾਮਹੀਆਧਾਰ ਹੈ, ਵੀ ਲਿਖਿਆ ਹੈ ਤਾ ਕੀ ਫਿਰ ਉਥੇ ਇੰਜ ਹੀ ਮੰਨਿਆ ਜਾਵੇਗਾ ਕਿ ਪ੍ਰਮਾਤਮਾ ਦਾ ਨਾਮ ਹੀ ਗੁਰੂ ਹੈ ਜਾਂ ਗੁਰੂ ਜੀ ਦੇ ਚਰਨ ਹੀ ਗੁਰੂ ਹਨ ਇਸ ਲਈ ਕਿਸੇ ਹੋਰ ਗੁਰੂ ਦੀ ਲੋੜ ਨਹੀਂ, ਜਾਂ ਪ੍ਰਮਾਤਮਾਂ ਦਾ ਨਾਮ ਆਸਰਾ ਹੈ ਜਾਂ ਗੁਰੂ ਜੀ ਦੇ ਚਰਨ ਹੀ ਆਸਰਾ ਹਨ ਇਸ ਲਈ ਕਿਸੇ ਹੋਰ ਗੁਰਬਾਣੀ ਦੇ ਆਧਾਰ ਲੈਣ ਦੀ ਲੋੜ ਨਹੀਂ-'ਜੇਕਰ ਸਰਬ ਸੁਖਾ ਗੁਰ ਚਰਨਾ ।' ਜਾਂ-'ਸਾਚਾ ਨਾਮ ਮੇਰਾ ਆਧਾਰੋ ।' ਆਦਕ ਵਾਕਾਂ ਦੇ ਪੜ੍ਹਦਿਆਂ ਫਿਰ ਕਿਸੇ ਹੋਰ ਆਸਰੇ (ਗੁਰੂ ਬਾਣੀ) ਦੀ ਜਰੂਰਤ ਹੈ ਤਾਂ ਤਿਵੇਂ ਗੁਰਬਾਣੀ ਆਧਾਰ ਹੈ, ਵਾਕਾਂ ਦੇ ਹੁੰਦਿਆਂ ਵੀ ਕਿਸੇ ਮਨੁਸ਼ ਸਰੂਪ ਗੁਰੂ ਦੇ ਆਧਾਰ ਦੀ ਜਰੂਰਤ ਹੈ, ਇਸੇ ਸ਼ਬਦ ਵਿਚ ਲਿਖਿਆ ਹੈ ਕਿ-'ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮ ਆਖੈ ਆਇ । ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ।' ਔਰ-'ਅੰਤਰ ਗੁਰੁ ਅਰਾਧਣਾ ਜਿਹਵਾ ਜਪਿ ਗੁਰ ਨਾਉ । ਨੇਤ੍ਰੀ ਸਤਿਗੁਰ ਪੇਖਣਾ........' ਆਦਕ ਵਾਕਾਂ ਵਿਚੋਂ ਗੁਰੂ ਦਾ ਨਾਮ ਜਪਣਾ ਗੁਰੂ ਦਾ ਨੇਤ੍ਰਾਂ ਨਾਲ ਦਰਸ਼ਨ ਕਰਨਾਂ ਆਦਕ ਸਿਖ ਵਾਸਤੇ ਜਿਵੇਂ ਕਲਿਆਨਕਾਰੀ ਸਾਬਤ ਹੋ ਰਿਹਾ ਹੈ, ਤਿਵੇਂ ਗੁਰੂ ਦੀ ਬਾਣੀ ਵੀ ਸਿਖ ਵਾਸਤੇ ਕਲਿਆਨ ਕਾਰੀ ਆਧਾਰ ਰੂਪ ਹੈ, ਇਸਦਾ ਇਹ ਮਤਲਬ ਨਹੀਂ ਕਦੀ ਹੋ ਸਕਦਾ ਕਿ ਮਨੁਸ਼ ਸਰੂਪ ਗੁਰੂ ਦੀ ਹੀ ਲੋੜ ਨਹੀਂ, ਕਿਉਂਕਿ-'ਨਿਵਿ ਨਿਵਿ ਲਾਗਾ ਪਾਇ ।' ਆਦਕ ਲਖਸ਼ਨ ਬਾਣੀ ਉਤੇ ਨਹੀਂ ਘਟਦੇ।

ਹਕੀਮ-'ਪੋਥੀ ਪ੍ਰਮੇਸ਼ਰ ਕਾ ਥਾਨ' ।(ਸਾਰੰਗ ਮ: ੫)ਲਿਖਿਆ ਹੈ, ਜੇਕਰ ਪੋਥੀ ਪ੍ਰਮੇਸ਼ਰ ਦਾ ਅਸਥਾਨ ਹੋ ਸਕਦੀ ਹੈ ਤਾਂ ਗੁਰੂ ਵੀ ਹੋ ਸਕੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਵਾਮੀ ਜੀ--ਇਸਦਾ ਇਹ ਅਰਥ ਨਹੀਂ ਮੰਨਿਆ ਜਾ ਸਕਦਾ ਕਿ ਪੋਥੀ ਹੀ ਪ੍ਰਮੇਸ਼ਰ ਦੇ ਰਹਿਣ ਦਾ ਅਸਥਾਨ ਹੈ. ਕਿਉਂਕਿ ਪ੍ਰਮੇਸ਼ਰ ਹਰ ਥਾਂ ਤੇ ਵਿਆਪਕ ਹੈ, ਜਲ ਥਲ ਮਹੀਅਲ ਪੂਰਿਆ ਰਵਿਆ ਵਿਚ ਵਣਾ। ਇਸ ਲਈ ਫ਼ਿਰ, ਜਲ ਥਲ ਮਹੀਅਲ-ਆਦਕ ਵੀ ਗੁਰੂ ਹੋ ਸਕਣਗੇ ਕੇਵਲ ਪੋਥੀ ਹੀ ਨਹੀਂ, ਜੇ ਕਦੀ ਪੋਥੀ ਨੂੰਪ੍ਰਮੇਸ਼ਰ ਦਾ ਸਥਾਨ ਮੰਨੀਏ ਤਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੋਥੀ ਕਹਿਣਾ ਮੁਸ਼ਕਲ ਹੈ, ਔਰ ਪਹਿਲੇ ਜੁਗਾਂ ਵਿਚ ਭੀ ਅਨੇਕ ਪੋਥੀਆਂ ਹੋ ਚੁਕੀਆਂ ਹਨ ਅਤੇ ਪੋਥੀ ਵਿਚ ਹੀ ਨਹੀਂ ਬਲਕਿ,-ਸਚ ਖੰਡ ਵਸੈ ਨਿਰੰਕਾਰ। ਵੀ ਲਿਖਿਆ ਹੈ ਤਾਂਤੇ ਇਸਦਾ ਅਰਥ ਇਹੀ ਹੋ ਸਕਦਾ ਹੈ ਕਿ ਪ੍ਰਮੇਸ਼ਰ ਸਬੰਧੀ ਪੋਥੀ--ਪੁਸਤਕ ਪੜ੍ਹਨੇ ਸੇ ਪ੍ਰਮੇਸ਼ਰ ਦੇ ਸਥਾਨ ਦਾ ਪਤਾ ਲਗਦਾ ਹੈ ਕਿ ਪ੍ਰਮੇਸ਼ਰ ਕਿਥੇ ਰਹਿੰਦਾ ਹੈ, ਇਕ ਦੇਸ਼ੀ ਹੈ ਕਿ ਵਿਆਪਕ।

ਹਕੀਮ—ਗੁਰੂ ਵੀ ਪ੍ਰਮੇਸ਼ਰ ਦਾ ਪਤਾ ਦਸਦਾ ਹੈ, ਪੋਥੀ ਵਿਚੋਂ ਵੀ ਜੇਕਰ ਪ੍ਰਮੇਸ਼ਰ ਦੇ ਸਥਾਨ ਦਾ ਪਤਾ ਲਗ ਜਾਂਦਾ ਹੈ ਤਾਂ ਪੋਥੀ ਵੀ ਗੁਰੂ ਸਿਧ ਹੋ ਗਈ।

ਸੁਵਾਮੀ ਜੀ-ਪ੍ਰਮੇਸ਼ਰ ਸਬੰਧੀ ਹਰ ਇਕ (ਵੇਦ ਸ਼ਾਸਤ੍ਰ ਆਦਕ) ਪੁਸਤਕ ਪੜ੍ਹਨੇ ਸੇ ਪ੍ਰਮੇਸ਼ਰ ਬਾਬਤ ਕੁਛ ਪਤਾ ਲਗ ਜਾਂਦਾ ਹੈ, ਤਾਂ ਵੀ ਫ਼ਿਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹਨ ਇਹ ਕਿਵੇਂ ਸਿਧ ਹੋ ਸਕਣਗੇ. ਫਿਰ ਤਾਂ ਪ੍ਰਮੇਸ਼ਰ ਸਬੰਧੀ ਸਾਰੇ ਪੁਸਤਕ ਹੀ ਗੁਰੂ ਸਿਧ ਹੋਣਗੇ, ਬਾਕੀ ਪੁਸਤਕ ਸਾਰੇ ਅਚੇਤਨ ਹੁੰਦੇ ਹਨ ਗੁਰੂ ਅਚੇਤਨ ਨਹੀਂ ਹੁੰਦਾ, ਗੁਰੂ ਸੰਸੇ ਦੂਰ ਕਰ ਸਕਦੇ ਹਨ, ਕੇਵਲ ਪੁਸਤਕ ਸੰਸੇ ਦੂਰ ਨਹੀਂ ਕਰ ਸਕਦੇ, ਸ੍ਰੀ ਮੁਖਵਾਕ ਬਾਣੀ ਦੁਆਰਾ ਹੀ ਕੀਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਏ, ਗੁਰੂ ਦੇ ਲਖਸ਼ਣ ਪਿਛੇ ਦਸੇ ਗਏ ਹਨ ਓਹ ਕਿਸੇ ਪੁਸਤਕ ਵਿਚ ਨਹੀਂ ਘਟ ਸਕਦੇ, ਇਸ ਲਈ ਕੋਈ ਪੁਸਤਕ ਵੀ ਗੁਰੂ ਨਹੀਂ ਮੰਨੇ ਜਾ ਸਕਦੇ ਬਲਕਿ-ਪੋਥੀ ਪ੍ਰਮੇਸ਼ਰ ਕਾ ਥਾਨ।-ਤੁਕ ਸੇ ਅਗਲੀ ਤੁਕ ਹੈ ਕਿ- ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨ। ਸਾਧਕਾ ਸੰਗ ਕਰਕੇ ਗੋਬਿੰਦ ਦੇ ਗੁਣ ਗਾਵੇ ਤਾਂ ਪੂਰਨ ਬ੍ਰਹਮ ਗਿਆਨ ਹੁੰਦਾ ਹੈ ਭਾਵ ਕੇਵਲ ਪੋਥੀ ਕੇ ਪੜਨੇ ਸੇ ਹੀ ਪੂਰਨ ਬ੍ਰਹਮ ਗਿਆਨ ਨਹੀ, ਜਿਵੇਂ ਬੜੇ ਬੜੇ ਯੋਗਯ ਡਾਕਟਰਾਂ ਦੇ ਲਿਖੇ ਹੋਇ ਗ੍ਰੰਥ ਹੀ ਡਾਕਟਰ ਨਹੀਂ ਹੋ ਜਾਂਦੇ ਮੌਜੂਦਾ ਡਾਕਟਰ ਤੋਂ ਬਿਨਾਂ ਪਿਛਲੇ ਡਾਕਟਰਾਂ ਦੇ ਲਿਖੇ ਹੋਇ ਨੁਸਖੇ ਵੀ ਨਹੀਂ ਪੂਰੇ ਸਮਝੇ ਅਤੇ ਵਰਤੇ ਜਾ ਸਕਦੇ, ਅਥਵਾ ਕਿਸੇ ਸੂਰਮੇ ਦੇ ਚਲਾਇ ਹੋਇ ਸ਼ਸਤ੍ਰ ਹੀ ਓਹ ਸੂਰਮੇਂ ਨਹੀਂ ਹੋ ਸਕਦੇ ਕਿ ਉਨ੍ਹਾਂ ਸ਼ਸਤ੍ਰਾਂ ਨੂੰ ਹੀ ਕੇਵਲ ਜੰਗ ਵਿਚ ਭੇਜ ਦਿਤਾ ਜਾਵੇ ਤੇ ਉਮੈਦ ਕੀਤੀ ਜਾਵੇ ਕਿ ਉਸ ਸੂਰਮੇਂ ਦੇ ਕੇਵਲ ਸ਼ਸਤ੍ਰ ਹੀ ਜੰਗ ਵਿਚ ਬਿਨਾਂ ਕਿਸੇ ਸੂਰਮੇ ਦੇ ਹਥ ਲਗਿਆਂ ਹੀ ਦੁਸ਼ਮਨਾਂ ਪਰ ਫਤਹ ਪਾਕੇ ਆ ਜਾਣਗੇ ਕਿਉਂਕਿ ਬੜੇ ਯੋਗਯ ਡਾਕਟਰ ਦੇ ਲਿਖੇ ਹੋਇ ਗ੍ਰੰਥ ਵੀ ਅਚੇਤਨ ਹੋਣ ਕਰਕੇ ਕਿਸੇ ਰੋਗੀ ਦੇ ਖੁਦ ਇਲਾਜ ਦੀ ਤਜਵੀਜ ਨਹੀਂ ਕਰ ਸਕਦੇ ਅਤੇ ਸੂਰਮੇ ਦੇ ਕਈ ਤਰ੍ਹਾਂ ਦੇ ਸ਼ਸਤ੍ਰ ਵੀ ਅਚੇਤਨ ਹੋਣ ਕਰਕੇ ਆਪੇ ਕਿਸੇ ਦੁਸ਼ਮਣ ਨੂੰ ਨਹੀਂ ਮਾਰ ਸਕਦੇ, ਤਿਵੇਂ ਗੁਰੂ ਦੇ ਬਚਨ (ਗ੍ਰੰਥ) ਵੀ ਅਚੇਤਨ ਹੋਣ ਕਰਕੇ ਖੁਦ ਗੁਰੂ ਨਹੀਂ ਹੋ ਸਕਦੇ ਗੁਰੂ ਦੁਆਰਾ ਹੀ ਉਹ ਬਚਨ ਜੀਵ ਦੀ ਕਲਿਆਨ ਦੇ ਕਾਰਨ ਹੋ ਸਕਦੇ ਹਨ।

ਹਕੀਮ-ਹਿਕਮਤ ਦੇ ਗ੍ਰੰਥ ਪੜ੍ਹਕੇ ਹੀ ਕਈ ਪੁਰਸ਼ ਇਲਾਜ ਕਰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਵਾਮੀ ਜੀ—ਇਲਾਜ ਕਰਨ ਵਾਲੇ ਪੁਰਸ਼ ਉਹ ਚੇਤਨ ਹਨ, ਕੇਵਲ ਪੁਸਤਕ ਹੀ ਨਹੀਂ ਹਨ, ਕੇਵਲ ਪੁਸਤਕ ਡਾਕਟਰ ਨਹੀਂ ਹੋ ਸਕਦੇ ਚੇਤਨ ਪੁਰਸ਼ ਹੀ ਹੁੰਦੇ ਹਨ ਬਾਕੀ ਰਹੀ ਕਿ ਕੇਵਲ ਪੁਸਤਕ ਪੜ੍ਹਕੇ ਹੀ ਕਈ ਡਾਕਟਰ ਹੋ ਜਾਂਦੇ ਹਨ ਇਹ ਗਲ ਨਰਸੰਦੇਹ ਨਹੀਂ ਮੰਨੀ ਜਾ ਸਕਦੀ ਕਿਉਂਕਿ ਡਾਕਟਰੀ ਦੀ ਪ੍ਰਵਾਨਗੀ ਦੇਨ ਵਾਲਾ ਕੋਈ ਡਾਕਟਰ ਹੀ (ਪੁਰਸ਼) ਹੁੰਦਾ ਹੈ, ਕੇਵਲ ਪੁਸਤਕ ਨਹੀਂ, ਪਾਠਸ਼ਾਲਾਂ, ਸਕੂਲਾਂ ਵਿਚ ਪੜ੍ਹਾਈਆਂ ਜਾਨ ਵਾਲੀਆਂ ਪੁਸਤਕਾਂ ਹੀ ਅਧਿਆਪਕ, ਮਾਸਟਰ ਨਹੀਂ ਹੁੰਦੀਆਂ, ਜੇ ਕਦੀ ਹੋ ਸਕਦੀਆਂ ਹੋਣ ਤਾਂ ਸਰਕਾਰ ਨੂੰ ਇਤਨੀ ਅਧਿਆਪਕਾਂ ਦੀਂ ਤਨਖਾਹ (ਖਰਚ) ਦੇਣ ਦੀ ਕੀ ਲੋੜ ਹੋ ਸਕਦੀ ਹੈ।

ਹਕੀਮ—ਗੁਰਬਾਣੀ ਇਸ ਜਗ ਮਹਿ ਚਾਨਣ ਕਰਮ ਵਸੈ ਮਨ ਆਇ। (ਸਿਰੀ ਰਾਗ ਮ: ੩) ਵਿਚ ਗੁਰਬਾਣੀ ਹੀ ਇਸ ਜਗਤ ਵਿਚ ਚਾਨਣ--ਪ੍ਰਕਾਸ਼ ਹੈ, ਲਿਖਿਆ ਹੈ।

ਸੁਵਾਮੀ ਜੀ—ਇਥੇ ਚਾਨਣ ਦਾ ਅਰਥ ਸੂਰਜ, ਚੰਦ੍ਰਮਾਂ, ਆਦਕਾਂ ਦੇ ਚਾਨਣ (ਪ੍ਰਕਾਸ਼) ਜਿਹਾ ਚਾਨਣ ਨਹੀਂ। ਕਿੰਤੂ ਅੰਤਾ:-ਕਰਨ ਵਿਚ ਗਿਆਨ ਰੂਪ ਚਾਨਣ ਅਰਥ ਹੈ, ਔਰ ਬਾਣੀ ਵਿਚ ਅੰਤਾ--ਕਰਨ ਨਹੀਂ, ਜਿਥੇ ਅੰਤਾ:-ਕਰਨ ਨਹੀਂ, ਓਥੇ ਸਤ੍ਯ ਅਸਤ੍ਯ ਦਾ ਗਿਆਨ ਨਹੀਂ ਹੋ ਸਕਦਾ,ਮਨੁਸ਼ ਦੇਹਧਾਰੀ ਗੁਰੂ ਵਿਚ ਅੰਤਾ:ਕਰਨ ਹੈ, ਓਥੇ ਗਿਆਨ ਪ੍ਰਗਟ ਹੈ ਇਸ ਲਈ ਇਥੇ ਇਹੀ ਅਰਥ ਹੋ ਸਕਦਾ ਹੈ ਕਿ ਇਸ ਜਗਤ ਵਿਚ 'ਗੁਰੂ' ਗੁਰਬਾਣੀ ਦੁਆਰਾ ਗਿਆਨ ਪ੍ਰਗਟ ਕਰਦੇ ਹਨ। ਪਰੰਤੂ ਜਿਨ੍ਹਾਂ ਤੇ ਕਰਮ (ਬਖਸ਼ਸ਼) ਹੋਵੇ ਉਨ੍ਹਾਂ ਦੇ ਮਨ

CC-0. In Public Domain. Gurukul Kangri Collection, Haridwar

ਵਿਚ ਵਸਦਾ ਹੈ, ਲੇਕਨ ਜਿਵੇਂ ਮੰਨੀਏ ਕਿ ਗੁਰਬਾਣੀ ਹੀ ਗਿਆਨ
Digitized by Arya Samaj Foundation Chennai and eGangotri
ਪ੍ਰਗਟ ਕਰਦੀ ਹੈ ਜਾਂ ਗਿਆਨ ਸਰੂਪ ਹੈ, ਤਾਂ ਫਿਰ ਓਹੋ ਪ੍ਰਸ਼ਨ ਪੈਦਾ ਹੁੰਦੇ ਹਨ ਕਿ ਸਤਿਜੁਗਵਿਚਬਾਣੀ ਹੋਣ ਕਰਕੇਪਹਿਲੇਗੁਰੂਨਾਨਕਦੇਵਜੀ ਨੂੰ ਮਨੁਸ਼ ਸਰੂਪ ਵਿਚ ਗੁਰੂ ਹੋਣ ਦੀ ਕੀ ਲੋੜ ਸੀ, ਫਿਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਕਾਸ਼ ਜਦ ਹੋ ਚੁਕਾ ਸੀ ਤਾਂ ਗੁਰੂ ਅੰਗਦ ਦੇਵ ਜੀ ਦੇ ਗੁਰੂ ਹੋਣ ਦੀ ਭਾਵਨਾ ਹੀ ਨਹੀਂ ਸੀ ਹੋ ਸਕਦੀ। ਔਰ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਜਵੇਂ ਗੁਰੂ ਜੀ ਨੇ ਬੀੜ ਤਿਆਰ ਕਰ ਦਿਤੀ ਸੀ ਤਾਂ ਫਿਰ ਛੇਵੇਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਮਨੁਸ਼ ਸਰੂਪ ਵਿਚ ਗੁਰੂਹੋਣਦੀਲੋੜਅਨੁਭਵ ਨਹੀਂਹੋਸਕਦੀ ਸੀ,ਪਰਛੇਵੇਂਗੁਰੂ ਸਾਹਿਬ ਆਦਿ ਮਨੁਸ਼ ਸਰੂਪ ਵਿਚ ਗੁਰੂ ਹੋਏ ਹਨ ਇਸ ਗਲ ਤੋਂ ਕੋਈ ਵੀ ਸਜਣ ਨਾਂਹ ਨਹੀਂ ਕਰ ਸਕਦਾ,ਇਸ ਤੋਂ ਸਾਬਤ ਹੁੰਦਾ ਹੈ ਕਿਗੁਰਬਾਣੀ ਮਨੁਸ਼ ਸਰੂਪ ਗੁਰੂ ਤੋਂ ਬਿਨਾਂ ਖ਼ੁਦ ਪ੍ਰਕਾਸ਼ ਕਰਨ ਤੋਂ ਆਸਮਰਥ ਹੈ ਸੀ, ਤਾਂਤੇ ਜਦ ਉਸ ਵਕਤ ਆਸਮ੍ਰਥ ਸੀ ਤਾਂ ਹੁਣ ਕਿਵੇਂ ਸਮ੍ਰਥਵਾਨ ਹੋ ਸਕੇਗੀ ਅਤੇ ਇਸੇ ਸ਼ਬਦ ਵਿਚ ਹੀ ਅਗੇ ਲਿਖਿਆ ਹੈ ਕਿ-'ਨਾਮਾ ਛੀਂਬਾ ਕਬੀਰ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ।' ਔਰ-'ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ। ਸਤਿਗੁਰ ਭੇਟਿਆ ਨਿਰਮਲ ਹੋਆ ਅਨਦਿਨ ਨਾਮ ਵਖਾਣੈ।' ਤਾਂਤੇ ਇਨ੍ਹਾਂ ਤੁਕਾਂ ਨਾਲ ਇਸੇ ਸ਼ਬਦ ਵਿਚੋਂ ਹੀ ਦੇਹਧਾਰੀ ਗੁਰੂ ਦੀ ਪੁਸ਼ਟੀ ਹੁੰਦੀ ਹੈ, ਕੇਵਲ ਬਾਣੀ ਦੀ ਨਹੀਂ ਕਿਉਂਕਿ ਉਪ੍ਰੋਕਤ ਕਬੀਰ ਜੀ ਦੇ ਗੁਰੂ ਸ੍ਰੀ ਰਾਮਾਂ ਨੰਦ ਜੀ ਹੋਏ ਹਨ, ਬਾਣੀ ਹੀ ਗੁਰੂ ਨਹੀਂ ਸੀ।

ਹਕੀਮ-ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪ ਮੁਹਹੁ ਕਢਾਏ। ਲਿਖਿਆ ਹੈ।

ਸੁਵਾਮੀ ਜੀ—ਇਸਦਾ ਵੀ ਇਹ ਮਤਲਬ ਨਹੀਂ ਕਿ ਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਗੁਰੂ ਹੈ, ਇਸ ਵਿਚ ਇਹ ਦਸਿਆ ਹੈ ਕਿ ਗੁਰੂ ਦੀ ਕਹੀ ਹੋਈ ਬਾਣੀ ਨੂੰ ਝੂਠ ਨਾ ਸਮਝੋ ਠੀਕ ਠੀਕ ਹੀ ਜਾਣੋ, ਕਿਉਂਕਿ ਗੁਰੂ ਦੇ ਮੂੰਹ ਵਿਚੋਂ ਪ੍ਰਮਾਤਮਾਂ ਦੀ ਹੀ ਕਢਵਾਈ ਹੋਈ ਹੈ।

ਹਕੀਮ--ਦੇਹਧਾਰੀ ਗੁਰੂ, ਦੁਨੀਆਂ ਵਿਚ ਇਕ ਸਮੇਂ ਵਿਚ ਇਕੋ ਹੀ ਹੋ ਸਕਦਾ ਹੈ ਕਿ ਇਕ ਤੋਂ ਵਧ ਵੀ ਹੋ ਸਕਦੇ ਹਨ ਕਿਉਂਕਿ ਦਸਾਂ ਗੁਰੂ ਸਾਹਿਬਾਂ ਦੇ ਵਕਤ ਇਕੋ ਹੀ ਗੁਰੂ ਰਹਿ ਹੁੰਦੇ ਹਨ।

ਸੁਵਾਮੀ ਜੀ—ਜਿਨ੍ਹਾਂ ਵਿਚ ਗੁਰੂ ਦੇ ਲਖਸ਼ਨ ਘਟਦੇ ਹੋਣ ਉਹ ਚਾਹੇ ਇਕ ਸਮੇਂ ਵਿਚ ਕਿੰਨੇ ਵੀ ਹੋਣ ਉਹ ਗੁਰੂ ਹੋ ਸਕਦੇ ਹਨ। ਪਰੰਤੂ ਉਨ੍ਹਾਂ ਵਿਚੋਂ ਕੋਈ ਚਾਹੇ ਸੰਸਾਰ ਵਿਚ ਪ੍ਰਸਿਧ ਹੋਣ, ਚਾਹੇ, ਨਾਂ ਹੋਣ ਇਹ ਗਲ ਵਖਰੀ ਹੈ, ਜਿਵੇਂ ਜੇਹੜਾ ਵੀ ਸਿਵਲ ਸਰਜਨ ਡਾਕਟਰੀ ਦੀ ਯੋਗਤਾ ਰਖਦਾ ਹੋਵੇ ਓਹੋ ਹੀ ਸਿਵਲ ਸਰਜਨ ਡਾਕਟਰ ਹੋ ਸਕਦਾ ਹੈ, ਇਹ ਨਹੀਂ ਹੋ ਸਕਦਾ ਕਿ ਇਕ ਸਿਵਲ ਸਰਜਨ ਡਾਕਟਰ ਦੀ ਮੌਜੂਦਗੀ ਵਿਚ ਹੋਰ ਕਿਸੇ ਥਾਂ ਵੀ ਦੇਸ ਵਿਚ ਸਿਵਲ ਸਰਜਨ ਡਾਕਟਰ ਨਹੀਂ ਹੋ ਸਕਦੇ, ਬਾਕੀ ਦਸਾਂ ਗੁਰੂ ਸਾਹਿਬਾਂ ਨੂੰ ਇਸ ਦੇਸ਼ ਵਿਚ ਰਾਜਸੀ ਜ਼ੁਲਮਾਂ ਦਾ ਮੁਕਾਬਲਾ ਕਰਨ ਵਾਸਤੇ ਜਥੇਬੰਦੀ ਦੀ ਲੋੜ ਵਸ਼ੇਸ਼ ਸੀ ਇਸ ਲਈ ਇਕ ਸਮੇਂ ਵਿਚ ਇਕ ਹੀ ਗੁਰੂ ਨਿਸਚਿਤ ਹੁੰਦੇ ਰਹੇ ਹਨ ਕਿ ਇਕ ਦੀ ਕਮਾਨ ਹੇਠ ਜਥੇਬੰਦੀ ਰਹੇ, ਨਹੀਂ ਤਾਂ ਦਸਾਂ ਗੁਰੂ ਸਾਹਿਬਾਂ ਦੀ ਮੌਜੂਦਗੀ ਵਿਚ ਹੀ ਹਿੰਦੁਸਤਾਨ ਵਿਚ ਹੋਰ ਗੁਰੂ ਹੁੰਦੇ ਰਹੇ ਹਨ, ਜਿਵੇਂ ਸ਼ਿਵਾ ਜੀ ਦੇ ਗੁਰੂ ਸਮ੍ਰਥ ਗੁਰੂ ਰਾਮਦਾਸ ਜੀ ਸਨ ਅਤੇ ਪਿਛੇ ਦਸਿਆ ਗਿਆ ਹੈ ਕਿ ਦੀਵਾਨ ਨੰਦ ਲਾਲ ਆਦਕ ਵੀ ਗੁਰੂ ਮੰਨੇ ਜਾਂਦੇ ਰਹੇ ਹਨ ਬਲਕਿ ਬੰਦੇ ਬਹਾਦਰ ਨੂੰ ਅਜ ਵੀ ਬੰਦਈ ਸਿਖ, ਗੁਰੂ ਮੰਨਦੇ ਹਨ. ਇਸੇ ਤਰ੍ਹਾਂ ਹੋਰ ਵੀ ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਥੋੜੇ ਪ੍ਰਸਿਧ ਜਾਂ ਬਹੁਤੇ ਪ੍ਰਸਿਧ ਹੁੰਦੇ ਰਹੇ ਹਨ, ਜਿਵੇਂ ਸੋਮਾ ਸ਼ਾਹ (ਸ਼ਹਾਣੇ) ਆਦਕ।

ਹਕੀਮ-ਪ੍ਰਣਾਮੀ ਮਤ ਵਿਚ ਵੀ ਉਨ੍ਹਾਂ ਦੇ ਸ੍ਰੀ ਕੁਲਜ਼ਮ ਸਰੂਪ, ਧਰਮ ਪੁਸਤਕ ਦੀ ਪੂਜਾ ਕੀਤੀ ਜਾਂਦੀ ਹੈ, ਇਸ ਲਈ ਨਿਸਚਾ ਹੁੰਦਾ ਹੈ ਕਿ ਪ੍ਰਮਾਤਮਾਂ ਸਬੰਧੀ ਵਿਚ ਬਾਣੀ ਹੋਣ ਕਰਕੇ ਉਸ ਪੁਸਤਕ ਦੀ ਪੂਜਾ ਪ੍ਰਮਾਤਮਾਂ ਦੀ ਪੂਜਾ ਸਮਝਦੇ ਹਨ ਤਾਂਤੇ ਜਿਸ ਪੁਸਤਕ ਵਿਚ ਗੁਰੂ ਬਾਣੀ ਹੋਵੇ ਉਸ ਪੁਸਤਕ ਦੀ ਪੂਜਾ, ਗੁਰੂ ਦੀ ਪੂਜਾ ਸਮਝੀ ਜਾਵੇਗੀ।

ਸੁਵਾਮੀ ਜੀ-ਪ੍ਰਮਾਣੀ ਮਤ ਵਿਚ ਵੀ ਮਾਨਸਕ ਪੂਜਾ ਦੀ ਪ੍ਰਧਾਨਤਾ ਹੈ. ਬਾਕੀ ਬਾਣੀ ਚਾਹੇ ਕਿਸੇ ਮਨੁਸ਼ ਜਾਂ ਪ੍ਰਮਾਤਮਾਂ ਅਤੇ ਗੁਰੂ ਦੀ ਹੋਵੇ ਉਹ ਕਿਸੇ ਕਾਗਜ਼ ਸਿਆਹੀ ਵਿਚ ਪਕੜੀ ਨਹੀਂ ਜਾਂਦੀ, ਪੁਸਤਕਾਂ ਵਿਚ ਸਿਆਹੀ ਦੇ ਅਖਰ ਹੀ ਹੁੰਦੇ ਹਨ ਉਨ੍ਹਾਂ ਸੰਕੇਤਕ ਅਖਰਾਂ ਨੂੰ ਵੇਖਕੇ ਪਦਾਰਥਾਂ ਦਾ ਗਿਆਨ ਹੁੰਦਾ ਹੈ, ਜੇਹੜਾ ਪੁਰਸ਼ ਅਨਪੜ੍ਹ ਹੈ ਉਸਨੂੰ ਉਨ੍ਹਾਂ ਅਖਰਾਂ ਨੂੰ ਵੇਖਕੇ ਕਿਸੇ ਪਦਾਰਥ ਦਾ ਗਿਆਨ ਨਹੀਂ ਹੁੰਦਾ ਤਾਂਤੇ ਪੁਸਤਕਾਂ ਵਿਚ ਬਾਣੀ (ਸ਼ਬਦ) ਨਹੀਂ, ਬਾਣੀ ਦੇ ਸੰਕੇਤਕ (ਮੁਕਰਰ ਕੀਤੇ ਗਏ) ਅਖਰ ਹੀ ਹਨ, ਸ਼ਬਦ, ਸਪ੍ਰਸ਼, ਰੂਪ, ਰਸ, ਗੰਧ, ਇਹ ਪੰਜ ਵਿਸ਼ਯ ਹਨ ਸ਼ਬਦ ਕੰਨਾਂ ਦਾ ਵਿਸ਼ਯ ਹੈ, ਨੇਤ੍ਰਾਂ ਦਾ ਨਹੀਂ, ਨੇਤ੍ਰਾਂ ਦਾ ਵਿਸ਼ਯ ਹੈ, ਪੁਸਤਕ ਦੇ ਅੱਖਰ ਨੇਤਰਾਂ ਨਾਲ ਵੇਖਕੇ ਪੜ੍ਹੇ ਜਾਂਦੇ ਹਨ ਕੰਨਾਂ ਨਾਲ ਸੁਣਕੇ ਨਹੀਂ ਔਰ ਚਾਹੇ ਕਿਸੇ ਦੀ ਪੁਸਤਕ ਨਾਲ ਲਾਕੇ ਕੋਈਵੀ ਸੁਣੇ ਕਿਸੇ ਵਿਚੋਂ ਵੀ ਕੋਈਅਵਾਜ਼(ਬਾਣੀ)ਸੁਨਾਈ ਨਹੀ ਦਿੰਦੀਹੁੰਦੀ ਤਾਂਤੇਪੁਸਤਕਾਂਵਿਚ ਅਸਲ ਮੁਖ ਸੇ ਉਚਾਰਨ ਕੀਤੀ ਹੋਈਬਾਣੀ(ਸ਼ਬਦ)ਨਹੀਂ ਹੁੰਦੇ, ਇਸ ਲਈ ਪ੍ਰਮਾਤਮਾਂ ਸਬੰਧੀ ਪੁਸਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਬਾਣੀ ਸਮਝਕੇ ਜੇਕਰ ਪੁਸਤਕ ਦੀ ਪੂਜਾ ਪ੍ਰਮਾਤਮਾਂ ਦੀ ਪੂਜਾ ਸਮਝਦੇ ਹਨ ਤਾਂ ਬੇਸ਼ਕ ਨਾਂ ਸਮਝਣ ਕਿਉਂਕਿ ਪੁਸਤਕਾਂ ਵਿਚ ਅਸਲ ਕਿਸੇ ਵੀ ਬਾਣੀ ਦਾ ਫੜੇ ਰਹਿਣਾ ਅਸੰਭਵ ਹੈ, ਬਾਣੀ ਮੂੰਹ ਵਿਚੋਂ ਨਿਕਲਦੇ ਹੀ ਅਕਾਸ਼ ਵਿਚ ਲੀਨ ਹੁੰਦੀ ਜਾਂਦੀ ਹੈ ਬਾਕੀ ਪੁਸਤਕ ਵਿਚ ਬਾਣੀ ਹੋਣ ਕਰਕੇ ਵੀ ਉਸ ਬਾਣੀ ਦੀ ਪੂਜਾ ਪ੍ਰਮਾਤਮਾਂ ਜਾਂ ਕਿਸੇ ਗੁਰੂ ਦੀ ਪੂਜਾ ਨਹੀਂ ਹੁੰਦੀ ਕਿਉਂਕਿ ਪ੍ਰਮਾਤਮਾਂ ਜਾਂ ਗੁਰੂ ਬਾਣੀ ਨਹੀਂ ਬਾਣੀ ਅੰਤਾ: ਕਰਨ ਵਿਚ ਫੁਰਦੀ ਹੈ,ਪ੍ਰਮਾਤਮਾਂ ਜਾਂ ਗੁਰੂ ਅੰਤਾ:-ਕਰਨ ਦਾ ਕਾਰਜ ਨਹੀਂ ਹਨ।

ਹਕੀਮ—ਅਗਰ ਬਾਣੀ ਅਖਰਾਂ ਵਿਚ ਬੰਦ ਨਹੀਂ ਹੋ ਸਕਦੀ ਤਾਂ ਬਾਣੀ ਦਾ ਮਤਲਬ ਤਾਂ ਅਖਰਾਂ ਵਿਚ ਜਰੂਰ ਹੁੰਦਾ ਹੈ, ਕਿਉਂਕਿ ਅਖਰਾਂ ਨੂੰ ਦੇਖਣੇ ਸੇਮਤਲਬ ਦਾ ਪਤਾ ਲਗ ਜਾਂਦਾ ਹੈ, ਇਸ ਲਈ ਜਿਸ ਬਾਣੀ ਦਾ ਮਤਲਬ ਪ੍ਰਮਾਤਮਾ ਹੋਵੇ ਉਹ ਪ੍ਰਮਾਤਮਾ ਉਸ ਬਾਣੀ ਦੇ ਸੰਕੇਤਕ ਅਖਰਾਂ ਵਿਚ ਸਿਧ ਹੋ ਗਿਆ।

ਸੁਵਾਮੀ ਜੀ—ਅਖਰਾਂ ਵਿਚ ਬਾਣੀ ਦਾ ਮਤਲਬ ਵੀ ਬੰਦ ਨਹੀਂ ਹੁੰਦਾ ਕਿਉਂਕਿ ਜਿਥੇ ਕਿਤੇ ਲਿਖਿਆ ਹੁੰਦਾ ਹੈ ਕਿ ਇਥੇ ਹਥ ਨਾ ਲਗਾਵੋ ਖਤਰਾ ਹੈ, ਤਾਂ ਕੀ ਉਨ੍ਹਾਂ ਲਿਖੇ ਅਖਰਾਂ ਵਿਚ ਖਤਰਾ ਹੁੰਦਾ ਹੈ ਕਿ ਅਖਰਾਂ ਤੋਂ ਬਾਹਰ ਹੁੰਦਾ ਹੈ, ਜੇ ਬਾਹਰ ਹੁੰਦਾ ਹੈ ਤਾਂ ਅਖਰਾਂ ਵਿਚ ਮਤਲਬ ਵੀ ਨਹੀਂ ਜਕੜਿਆ ਹੋਇਆ ਅਤੇ ਜੇਕਰ ਅਖਰਾਂ ਵਿਚ ਖਤਰਾ ਹੁੰਦਾ ਹੈ ਤਾਂ ਅਖਰਾਂ ਨੂੰ ਹਥ ਲਾਉਣ ਕਰਕੇ ਕੋਈ ਤਕਲੀਫ ਨਹੀਂ ਹੁੰਦੀ। ਔਰ ਜਿਸ ਬਾਣੀ ਵਿਚ ਸਮੁੰਦਰ ਦਾ ਵਰਨਨ ਹੋਵੇ ਉਸ ਬਾਣੀ ਦੇ ਸੰਕੇਤਕ ਅਖਰ ਸਮੁੰਦਰ ਦੇ ਪਾਣੀ ਵਿਚ ਡੁਬੇ ਹੋਏ ਹੋਣੇ ਚਾਹੀਦੇ ਹਨ ਪਰ ਡੁਬੇ ਹੋਏ ਨਹੀਂ ਹੁੰਦੇ ਸੁਕੇ ਹੁੰਦੇ ਹਨ। ਤਾਂਤੇ ਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਵਰਨਨ ਕੀਤਾ ਹੋਇਆ ਮਤਲਬ ਵੀ ਅਖਰਾਂ ਵਿਚ ਬੰਦ ਨਹੀਂ, ਅਖਰਾਂ ਵਿਚੋਂ ਮਤਲਬ ਦਾ ਗਿਆਨ ਹੁੰਦਾ ਹੈ ਉਹ ਗਿਆਨ ਵੀ ਅੰਤਾ ਕਰਨ ਵਿਚ ਹੁੰਦਾ ਹੈ ਕਿਸੇ ਅਖਰਾਂ ਵਿਚ ਬੰਦ ਨਹੀਂ ਹੋ ਸਕਦਾ, ਕਿਉਂਕਿ ਅਖਰਾਂ ਵਿਚ ਅੰਤਾ ਕਰਨ ਨਹੀਂ, ਇਸ ਲਈ ਕਿਸੇ ਪੁਸ-ਤਕ ਦੀ ਪੂਜਾ ਕਰਨੀ 'ਮੂਰਤੀ ਪੂਜਾਵਤ ਹੀ ਪੂਜਾ ਹੈ ਘਟ ਨਹੀਂ।

ਹਕੀਮ—ਅਨੰਦ ਸਾਹਿਬ ਜੀ ਦੀ ਬਾਣੀ ਵਿਚ ਲਿਖਿਆ ਹੈ ਕਿ 'ਸਤਿਗੁਰੁ ਬਾਝਹੁ ਹੋਰ ਕਚੀ ਹੈ ਬਾਣੀ। ਬਾਣੀ ਤ ਕਚੀ ਸਤਿ-ਗੁਰੂ ਬਾਝਹੁ ਹੋਰ ਕਚੀ ਬਾਣੀ। ਕਹਦੇ ਕਚੇ ਸੁਣਦੇ ਕਚੇ ਕਚੀਂ ਆਖ ਵਖਾਣੀ।' ਵਾਕਾਂ ਅਨੁਸਾਰ ਸ੍ਰੀ ਗੁਰੂ ਸਾਹਿਬਾਂ ਦੀ ਬਾਣੀ ਤੋਂ ਬਿਨਾਂ ਹੋਰ ਸਾਰੇ ਗ੍ਰੰਥਾਂ ਵਿਚ ਲਿਖੀ ਬਾਣੀ ਕਚੀ ਹੈ ਉਸਨੂੰ ਪੜ੍ਹਨ ਸੁਣਨ ਵਾਲੇ ਭੀ ਕਚੇ ਹਨ ਭਾਵ ਪੂਰਨ ਮਹਾਂ ਪੁਰਖ ਨਹੀਂ ਹਨ, ਅਤੇ ਉਹ ਬਾਣੀ ਕਚੇ ਲੋਕਾਂ ਨੇ ਹੀ ਉਚਾਰਨ ਕੀਤੀ ਹੈ, ਇਸਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਬਿਨਾ ਹੋਰ ਵੇਦ ਸ਼ਾਸਤ੍ਰ ਗੀਤਾ ਆਦਕ ਸਾਰੇ ਗ੍ਰੰਥਾਂ ਦੀ ਬਾਣੀ ਸੇ ਸਚਾ ਗਿਆਨ ਨਹੀਂ ਪ੍ਰਾਪਤ ਹੋ ਸਕਦਾ ਕਿਉਂਕਿ ਉਹ ਕਚੇ ਪੁਰਸ਼ਾਂ ਦੀ ਲਿਖੀ ਹੋਈ ਕਚੀ ਬਾਣੀ ਹੋਣ ਕਰਕੇ ਗਿਆਨ ਵੀ ਕਚਾ ਹੀ ਪ੍ਰਗਟ ਕਰੇਗੀ।

ਸੁਵਾਮੀ ਜੀ—ਇਹ ਅਸੀਂ ਪਿਛੇ ਵੀ ਕਹਿ ਆਏ ਹਾਂ ਕਿ ਇੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਸਾਰੀ ਬਾਣੀ ਸ੍ਰੀ ਗੁਰੂ ਸਾਹਿਬਾਂ ਦੀ ਹੀ ਨਹੀਂ ਕਿੰਤੂ ਭਟਾਂ ਭਗਤਾਂ ਆਦਕਾਂ ਦੀ ਵੀ ਹੈ, ਤਾਂ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਚਾ ਗਿਆਨ ਪ੍ਰਗਟ ਕਿਵੇਂ ਕਰ ਸਕੇਗੀ, ਔਰ ਇਹ ਵਾਕ ਤੀਜੇ ਗੁਰੂ ਜੀ ਦੇ ਉਚਾਰਨ ਕੀਤੇ ਹੋਏ ਹਨ ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਸੀ ਅਜੇ ਬਧੀ ਗਈ ਇਸ ਲਈ ਇਹ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹਿਤ ਉਚਾਰੇ ਗਏ ਨਹੀਂ ਹੋ ਸਕਦੇ। ਬਾਕੀ ਸਚੀ ਬਾਣੀ ਜੁਗ ਚਾਰੇ ਜਾਪੇ ਆਦਕ ਸ੍ਰੀ ਮੁਖਵਾਕ, ਵਾਕਾਂ ਅਨੁਸਾਰ ਜਦ ਚਹੁੰ ਜੁਗਾਂ ਵਿਚ ਹੀ ਸਚੀ ਬਾਣੀ ਸਾਬਤ ਹੋ ਰਹੀ ਹੈ। ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਉਨ੍ਹਾਂ ਪਹਿਲੇ ਜੁਗਾਂ ਵਿਚ ਉਹ ਸਚੀ ਬਾਣੀ ਕੇਹੜੇ ਗ੍ਰੰਥਾਂ ਦੁਆਰਾ ਪੜ੍ਹੀ ਸੁਣੀ ਜਾਂਦੀ ਰਹੀ ਹੈ,ਕਿਉਂਕਿ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਬੀੜ ਤਾਂ ਇਸੇ ਕਲਿਜੁਗ ਵਿਚ ਹੀ ਸੰਮਤ ੧੬੬੧ ਵਿਚ ਬਧੀ ਗਈ ਹੈ, ਇਸ ਲਈ ਇਹ ਨਹੀਂ ਮੰਨਿਆ ਜਾ ਸਕਦਾ ਕਿ ਪਹਿਲੇ ਜੁਗਾਂ ਵਿਚ ਹੋ ਚੁਕੇ ਗੁਰੂ ਸਾਹਿਬਾਂ ਦੀ ਬਾਣੀ ਕਚੀ ਹੈ ਤੇ ਗਿਆਨ ਵੀ ਕਚਾ ਹੀ ਪੈਦਾ ਕਰੇਗੀ। ਪਿਛੇ ਵੀ ਦਸਿਆ ਗਿਆ ਹੈ ਕਿ ਸ੍ਰੀ ਮੁਖ ਵਾਕ ਬਾਣੀ ਵਿਚੋਂ ਹੀ ਸਾਬਤ ਹੋ ਰਿਹਾ ਹੈ ਕਿ 'ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ।' ਗੁਰਾਂ ਦੇ ਉਪਦੇਸ਼ ਦੁਆਰਾ ਕਿਤਨੇ ਹੀ ਮੁਨੀ ਤੇ ਇੰਦ੍ਰਾਦਿਕ ਤਰੇ ਹਨ, ਜੇ ਉਹ ਆਪ ਕਚੇ ਗੁਰੂ ਤੇ ਉਨ੍ਹਾਂ ਦਾ ਉਪਦੇਸ਼ (ਬਾਣੀ) ਕਚੀ ਸੀ ਤਾਂ ਸਚੇ ਗਿਆਨ ਪ੍ਰਗਟ ਹੋਣ ਤੋਂ ਬਿਨਾ ਤਰੇ ਕਿਵੇਂ ਮੰਨੇ ਜਾ ਸਕਣਗੇ। ਔਰ ਸੌ ਸਾਖੀ ਦੀ ਸਾਖੀ ੧੦ ਵਿਚ ਲਿਖਿਆ ਹੈ ਕਿ ਇਕ ਵੇਰ ਗੁਰੂ ਦਸਮ ਸਾਹਿਬ ਜੀ ਦੇ ਹਜੂਰੀ ਰਾਗੀਆਂ ਨੇ ਕੀਰਤਨ ਕੀਤਾ ਅਤੇ ਵੈਰਾਗ ਕਰ ਗੋਪੀ ਚੰਦ ਦੀ ਵਾਰ ਗਾਈ, ਤਦ ਦੂਸਰੇ ਦਿਨ ਦੀਵਾਨ ਵਿਚ ਇਕ ਸਿਖ ਆਕੇ ਬੋਲਿਆ ਕਿ ਗੁਰੂ ਜੀ ਮੇਰੀ ਪੁਕਾਰ ਹੈ ਕਿ ਗੁਰੂ ਜੀ ਕੇ ਸਿਖ ਰਾਗੀ ਬੇਸਿਦਕੀ ਹੋ ਗਏ ਹਨ, ਗੁਰੂ ਕੀ ਬਾਣੀ ਛਡਕੇ ਗੋਪੀ ਚੰਦ ਦਾ ਝਗੜਾ ਆਰੰਭ ਬੈਠੇ। ਅੰਮ੍ਰਿਤ ਵੇਲੇ 'ਗੁਰੂ ਜੀ ਦੇ ਸ਼ਬਦ ਬਾਝਹੁ ਹੋਰ ਕਚੀ ਬਾਣੀ' ਇਨ੍ਹਾਂ ਸਿਖਾਂ ਜਾਣ ਬੁਝਕੇ ਬਾਣੀ ਛਡਕੇ ਕੀਰਤਨ ਵੇਲੇ ਕਿਉਂ ਹੋਰ ਪੜ੍ਹਿਆ। ਤਦ ਗੁਰੂ ਜੀ ਨੇ ਉਤ੍ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਤਾ ਕਿ ਭਾਈ ਸਾਈਂ ਲੋਕਾ ਸਿਖ ਵਿਚ ਅਤੇ ਗੁਰੂ ਵਿਚ ਭੇਦ ਨਹੀਂ ਹੈ, 'ਸਿਖ ਸੇਵਕ ਭਗਤ ਸਭ ਨਾਮ ਬੈਰਾਗ' ਸਾਸ ਸਾਸ ਸਮਾਲਦੇ ਹਨ ਕਰਤਾਰ ਨੂੰ, ਅਤੇ ਸਿਖੀ ਦੂਰ ਹੈ। ਧੰਨ ਗੋਪੀ ਚੰਦ ਜਿਨ ਚੌਦਾਂ ਸੈ ਰਾਣੀ ਅਤੇ ਰਾਜ ਕਾ ਮੋਹ ਤਿਣਕੇ ਕੀ ਨਿਆਈ ਤੋੜ ਸੁਟਿਆ...... ਤੁਸੀਂ ਕੀਕਰ ਗੋਪੀ ਚੰਦ ਜੀ ਰੀਸ ਕਰਦੇ ਹੋ...... ਜਿਸ ਬਾਣੀ ਨਾਲ ਬੈਰਾਗ ਅਤੇ ਸ਼ਾਂਤ ਗਿਆਨ ਪ੍ਰਾਪਤ ਹੋਵੇ ਸੋ ਬਾਣੀ ਗੁਰੂ ਕੀ ਬਾਣੀ ਸਮਾਨ ਹੈ ਅਤੇ ਇਹੀ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੩ ਅੰਸੂ ੫੧ ਵਿਚ ਵੀ ਲਿਖਿਆ ਹੈ ਕਿ ਉਸ ਸਿਖ ਦੇ ਪ੍ਰਸ਼ਨ ਦੇ ਉਤਰ ਵਿਚ ਗੁਰੂ ਜੀ ਨੇ ਕਿਹਾ ਕਿ-

ਗੋਪੀ ਚੰਦ ਧੰਨ ਬੈਰਾਗੀ। ਚੌਦਾਂ ਸੈ ਰਾਣੀ ਜਿਨ ਤਿਆਗੀ। ਦੀਰਘ ਰਾਜ ਮੋਹਿ ਜੋ ਮਨਕਾ, ਤੁਰਤ ਤੋਰ ਡਾਰਯੋ ਜਿਮ ਤਿਨਕਾ। ਤਪ ਕਰ ਸਿਧ ਭਯੋ ਸਭ ਤਿਆਗਯੋ, ਉਧਰਯੋ ਗੋਰਖ ਕੇ ਪਗ ਲਾਗਯੋ। ਤੁਮ ਸਭ ਸਿਖ ਹਜੂਰ ਰਹੰਤੇ, ਮਨ ਆਪਨੇ ਕੋ ਨਹਿ ਬਿਰਘੰਤੇ। ਘਰ ਮਹਿ ਨਾਰ ਕਪੁੰਦਰ ਕਾਣੀ। ਭਲੀ ਰਹਿਤ ਜਿਨ ਏਕ ਨ ਜਾਣੀ। ਮਨ ਲਾਗਯੋ ਤਿਨ ਸੰਗ ਤੁਮਾਰੋ, ਗੁਰ ਘਰ ਤੇ ਧਨ ਲਹੈ ਬਿਚਾਰੋ। ਗੋਪੀ ਚੰਦ ਰੀਸ ਕੋ ਐਸੇ, ਤੁਮ ਚਾਹਿਤ ਕਹੀਐ ਬਿਧ ਤੈਸੇ। ਜੇ ਬੈਰਾਗ ਵਾਨ ਜਨ ਭਾਰੇ, ਸਭ ਕੇ ਸਾਂਝੇ ਗੁਰੂ ਉਚਾਰੇ। ਜਿਸ ਬਾਣੀ ਕੇ ਪਠਤ ਸੁਨੰਤੇ, ਸ਼ਾਂਤ ਵੈਰਾਗ ਗਿਆਨ ਉਪਜੰਤੇ। ਇਸ ਬਿਧ ਕੀ ਨਿਜ ਸੁਭ ਮਤਿ ਬਾਨੀ, ਗੁਰ ਬਾਨੀ ਕੇ ਲਖਹੁ ਸਮਾਨੀ। ਯਾਂ ਤੇ ਜਿਨ ਸੁਭਿ ਬਾਤਿ ਉਚਾਰੀ, ਸੁਮਤਿ ਵੰਤ ਸਭ ਅੰਗੀ ਕਾਰੀ। ਪਠਹਿ ਸੁਨਹਿ ਨਹਿ ਭਲੋ ਕਮਾਵਹਿ, ਸੁਭ ਬਾਨੀ ਪਰ ਤਰਕ ਉਠਾਵਹਿ। ਤਿਸ ਨਰ ਕਾ ਹੋਇ ਨਰਕ ਪਯਾਨਾ, ਹਾਰ ਜਨਮ ਕੋ ਪੁਨ ਪਛਤਾਨਾ........ ਆਦਿ ਮਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਰਥ ਜੇ ਆਨ, ਭਾਖਾ ਸਭ ਕੀ ਕਰਤ ਸੁਜਾਨ। ਸੌਹਮ ਪੰਥ ਹੇਤ ਕਰਵਾਵੈ, ਪਠਹਿ ਆਪ ਸਭਹੂੰ ਨ ਸੁਨਾਵੈ।

ਇਸ ਪ੍ਰਸੰਗ ਵਿਚੋਂ ਵੀ ਇਹ ਸਾਬਤ ਹੁੰਦਾ ਹੈ ਕਿ ਜਿਸ ਬਾਣੀ ਦੇ ਪੜ੍ਹਨ ਸੁਣਨ ਨਾਲ ਸ਼ਾਂਤੀ, ਗਿਆਨ, ਵੈਰਾਗ, ਪ੍ਰਗਟ ਹੁੰਦੇ ਹਨ ਉਹ ਬਾਣੀ ਗੁਰੂ ਬਾਣੀ ਕੇ ਹੀ ਸਮਾਨ ਹੈ ਕੋਈ ਫਰਕ ਨਹੀਂ, ਜੋ ਫਰਕ ਸਮਝਦੇ ਹਨ, 'ਤਿਸ ਨਰ ਕਾ ਹੋਇ ਨਰਕ ਪਯਾਨਾ' ਆਦਕ ਸਪਸ਼ਟ ਹੈ, ਅਰਥ ਕਰਨ ਦੀ ਲੋੜ ਨਹੀਂ।

ਹਕੀਮ-ਗੋਪੀ ਚੰਦ ਆਦਕ ਕਵੀ ਲੋਗਾਂ ਦੀ ਬਾਣੀ ਨੂੰ ਸ੍ਰੀ ਗੁਰੂ ਸਾਹਿਬਾਂ ਦੀ ਬਾਣੀ ਦੀ ਤੁਲਤਾ ਦੇਣੀ ਉਚਿਤ ਨਹੀਂ ਹੋ ਸਕਦੀ।

ਸੁਵਾਮੀ ਜੀ—ਪਹਿਲੇ ਤਾਂ ਗੋਪੀ ਚੰਦ ਬਾਬਤ ਸ੍ਰੀ ਮੁਖਵਾਕ ਬਾਣੀ ਵਿਚ ਹੀ ਜ਼ਿਕਰ ਹੈ-'ਬੋਲੈ ਗੋਪੀ ਚੰਦ ਸਤ ਸਰੂਪ, ਪਰਮ ਤਤ ਮਹਿ ਰੇਖ ਨ ਰੂਪ।' (ਰਾਮਕਲੀ ਕੀ ਵਾਰ ਮ: ੧) ਤਾਂ ਤੁਲਤਾ ਦੇਣੀ ਕਿਵੇਂ ਉਚਿਤ ਨਾ ਹੋਵੇਗੀ, ਬਾਕੀ ਜਿਨ੍ਹਾਂ ਕਵੀ ਲੋਗਾਂ ਦੀ ਬਾਣੀ ਵਿਚ ਭਗਤੀ, ਗਿਆਨ, ਸ਼ਾਂਤੀ, ਵੈਰਾਗ, ਆਦਕ ਦਾ ਵਰਣਨ ਹੈ ਉਸ ਬਾਣੀ ਨਾਲ ਗੁਰਬਾਣੀ ਦੀ ਤੁਲਤਾ ਦੇਣੀ ਕਿਵੇਂ ਉਚਿਤ ਨਹੀਂ ਹੋ ਸਕਦੀ।ਕੀ, ਗੁਰੂ ਬਾਣੀ ਵਿਚ ਭਗਤੀ ਗਿਆਨ ਵੈਰਾਗ ਸ਼ਾਂਤੀ ਦਾ ਉਪਦੇਸ਼ ਨਹੀਂ ਜੇਕਰ ਨਹੀਂ ਤਾਂ ਇਸਤੋਂ ਉਲਟ ਕੀ, ਉਪਦੇਸ਼ ਹੈ, ਜੇਕਰ ਇਹੀ ਹੈ ਤਾਂ ਤੁਲਤਾ ਦੇਣੀ ਕਿਸ ਅਸੂਲ ਸੇ ਉਚਿਤ ਨਹੀਂ, ਬਾਕੀ ਵੇਦ ਸ਼ਾਸ਼ਤ੍ਰਾਂ ਬਾਬਤ ਸ੍ਰੀ ਮੁਖਵਾਕ ਬਾਣੀ ਵਿਚ ਹੀ ਲਿਖਿਆ ਹੈ ਕਿ:-'ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ।

(ਸਿਰੀ ਰਾਗ ਮ: ੧ ਅਸ਼ਟਪਦੀਆ ੧੦)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਬੇਦ ਬਖਿਆਨ ਕਰਤ ਸਾਧੂ ਜਨ ਭਾਗ ਹੀਨ ਸਮਝਤ ਨਹੀਂ ਖਲੁ ।' (ਟੋਡੀ ਮ: ੫ ਘਰ ੫ ਸ਼ਬਦ ੨੯)
ਜਾਇ ਪੁਛਹੁ ਸਿਮ੍ਰਿਤ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ । (ਰਾਮਕਲੀ ਕੀ ਵਾਰ ਮ: ੩ ਸਲੋਕ ੧੦) ਸਾਸਤ੍ਰ ਬੇਦ ਕੀ ਬਿਧਿ ਨਹੀਂ ਜਾਣਹਿ ਬਿਆਪੇ ਮਨਕੈ ਮਾਨ । (ਸਾਰੰਗ ਮ: ੫)

ਤਾਂਤੇ ਜਿਨ੍ਹਾਂ ਵੇਦਾਂ ਸ਼ਾਸਤ੍ਰਾਂ ਸਿੰਮ੍ਰਤੀਆਂ ਅਤੇ ਵਿਆਸ, ਸੁਕਦੇਵ ਨਾਰਦ ਆਦਕਾਂ ਦੇ ਰਚੇ ਗ੍ਰੰਥਾਂ ਨੂੰ ਸ੍ਰੀ ਗੁਰੂ ਸਾਹਿਬ ਜੀ ਖੁਦ ਸ੍ਰੇਸ਼ਟ ਬਚਨ ਕਹਿ ਰਹੇ ਹਨ ਤਾਂ ਉਨ੍ਹਾਂ ਗ੍ਰੰਥਾਂ ਦੀ ਬਾਣੀ ਕਚੀ ਨਹੀਂ ਹੋ ਸਕਦੀ ਤੇ ਗੁਰੂ ਬਾਣੀ ਨਾਲ ਤੁਲਤਾ ਦੇਣੀ ਵੀ ਕੋਈ ਅਨੁਚਿਤ ਨਹੀਂ ਹੋ ਸਕਦੀ, ਔਰ-(ਗਉੜੀ ਗੁਆਰੇਰੀ ਮ: ੩) ਵਿਚ ਲਿਖਿਆ ਹੈ ਕਿ-'ਗੁਰ ਸੇਵਾ ਜੁਗ ਚਾਰੇ ਹੋਈ ।' ਜਦ ਗੁਰੂ ਦੀ ਸੇਵਾ ਚਹੁੰ ਜੁਗਾਂ ਵਿਚ ਹੀ ਹੁੰਦੀ ਹੈ ਤਾਂ ਕਲਜੁਗ ਤੋਂ ਪਹਿਲੇ ਦੇ ਜੁਗਾਂ ਵਿਚ ਜੇਹੜੇ ਗੁਰੂ ਹੋਇ ਹੋਣਗੇ, ਉਨ੍ਹਾਂ ਨੇ ਆਪਣੇ ਸੇਵਾ ਕਰਨ ਵਾਲੇ ਸੇਵਕਾਂ ਦੀ ਕਲਿਆਨ ਹਿਤ ਜੇਹੜੇ ਵਾਕ ਬੋਲੇ ਹੋਣਗੇ ਉਹ ਵਾਕ ਕਚੀ ਬਾਣੀ ਨਹੀਂ ਮੰਨੇ ਜਾ ਸਕਣਗੇ, ਅਤੇ ਜੇਹੜੇ ਗੁਰੂ ਅਗੇ ਹੋਣਗੇ ਉਹਨਾਂ ਦੇ ਉਚਰੇ ਵਾਕ ਵੀ ਕਚੀ ਬਾਣੀ ਨਹੀਂ ਮੰਨੇ ਜਾਣਗੇ, ਕਿਉਂਕਿ ਜਦ ਗੁਰੂ ਚਹੁੰ ਜੁਗਾਂ ਵਿਚ ਹੀ ਹਨ ਤਾਂ ਉਨ੍ਹਾਂ ਦੇ ਵਾਕ (ਬਾਣੀ) ਸਚੀ ਬਾਣੀ ਦਾ ਚਹੁੰ ਜੁਗਾਂ ਵਿਚ ਹੀ ਹੋਣਾ ਕਿਵੇਂ ਨਹੀਂ ਹੋ ਸਕੇਗਾ, ਜੇ ਇੰਜਮੰਨੀਏਕਿਪਹਿਲੇਗੁਰੂਹੀ ਕੋਈ ਨਹੀਂ ਹੋਏ ਤਾਂ ਸ੍ਰੀ ਮੁਖਵਾਕ ਬਾਣੀ ਵਿਚ ਲਿਖਿਆ ਹੈ ਕਿ:-'ਗੁਰ ਬਿਨ ਕੋਇ ਨ ਉਤਰਸਿ ਪਾਰ ।' ਤਾਂਤੇ ਪਹਿਲੇ ਜੁਗਾਂ ਵਿਚ ਤਰਿਆ ਹੀ ਕੋਈ ਨਹੀਂ ਮੰਨਣਾ ਪਵੇਗਾ ਔਰ ਧ੍ਰੂਅ ਪ੍ਰਹਿਲਾਦ ਆਦਕ ਕਈ ਤਰੇ ਲਿਖੇ ਮਿਲਦੇ ਹਨ ਅਤੇ ਗੁਰ ਕੈ ਸ਼ਬਦ ਤਰੇ ਮੁਨ ਕੇਤੇ, ਆਦਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਕਾਂ-ਦੁਆਰਾ ਕਈ ਬਿਅੰਤ ਤਰੇ ਸਿਧ ਹੋਣ ਕਰਕੇ ਇੰਜ ਨਹੀਂ ਕਹਿਆ ਜਾ ਸਕਦਾ ਕਿ ਪਹਿਲੇ ਗੁਰੂ ਹੀ ਕੋਈ ਨਹੀਂ ਹੋਇ, ਇਸ ਲਈ ਜਿਸ ਬਾਣੀ ਵਿਚ ਭਗਤੀ ਗਿਆਨ ਵੈਰਾਗ ਆਦਕਦਾ ਉਪਦੇਸ਼ ਹੈ ਉਹ ਕਚੀ ਨਹੀਂ, ਤੇ ਗੁਰੂ ਬਾਣੀ ਦੇ ਤੁਲ ਹੀ ਹੈ ਕੋਈ ਅਨੁਚਿਤਾ ਨਹੀਂ ਬਣਦੀ।

ਹਕੀਮ—ਪਿਛਲੇ ਹੋਇ ਗੁਰੂਆਂ ਦੀ ਬਾਣੀ ਕਚੀ ਨਹੀਂ ਕਿੰਤੂ ਕਵੀ ਲੋਗਾਂ ਦੀ ਬਾਣੀ ਨੂੰ ਗੁਰੂ ਬਾਣੀ ਦੀ ਤੁਲਤਾ ਦੇਣੀ ਅਯੋਗ ਹੈ।

ਸੁਵਾਮੀ ਜੀ...ਇਹ ਨਹੀਂ ਕਿ ਗੁਰੂ ਕਵੀ ਨਹੀਂ ਹੁੰਦੇ ਗੁਰੂ ਵੀ ਕਵੀ ਹੁੰਦੇ ਹਨ ਇਸ ਲਈ ਕਵੀਆਂ ਦੀ ਬਾਣੀ ਨੂੰ ਕਚੀ ਬਾਣੀ ਨਹੀਂ ਕ੍ਰਿਹਾ ਜਾ ਸਕਦਾ ਕਿਉਂਕਿ ਸ੍ਰੀ ਮੁਖਵਾਕ ਬਾਣੀ ਵਿਚ ਲਿਖਿਆ ਹੈ ਕਿ-'ਨਾਨਕ ਸਾਇਰ ਦੇਵ ਕਹਤ ਹੈ ਸਚੇ ਪ੍ਰਵਦ ਗਾਰਾ। (ਧਨਾਸਰੀ ਮ: ੧) ਨਾਨਕ ਸਾਇਰ ਇਵ ਕਹਿਆ। (ਆਸਾ ਮ: ੧ ਪਟੀ ਲਿਖੀ) ਤਾਂਤੇ ਇਥੇ ਸਾਇਰ (ਕਵੀ) ਗੁਰੂ ਜੀ ਆਪ ਨੂੰ ਲਿਖ ਰਹੇ ਹਨ।

ਹਕੀਮ...ਸਾਨੂੰ ਗਿਆਨੀ ਲੋਗ ਆਕੇ ਸੁਣਾਉਂਦੇ ਹਨ ਕਿ ਜਿਸ ਬਾਣੀ ਕਵਿਤਾ ਵਿਚ ਕਿਸੇ ਦੇ ਕਿੱਸੇ ਕਹਾਣੀਆਂ ਇਤਿਹਾਸ ਹੋਣ ਉਸ ਨਾਲ ਗੁਰੂ ਬਾਣੀ ਦੀ ਤੁਲਤਾ ਦੇਣੀ ਅਨੁਚਿਤ ਹੈ ਬਲਕਿ ਉਹ ਕਵਿਤਾ ਗੁਰੂ, ਬਾਣੀ ਦੇ ਕੋਲ ਪੜ੍ਹਨੀ ਵੀ ਗੁਰ ਬਾਣੀ ਦੀ ਹਤਕ ਹੈ।

ਸੁਵਾਮੀ ਜੀ...ਇੰਜ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਨਾਮਦੇਵ ਜੀ ਦੇ ਗਊ ਜਿਵਾਉਂਣ ਤੇ ਪ੍ਰਹਿਲਾਦ ਜੀ ਦੇ ਥੰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਾੜ ਆਦਕ ਕਈ ਕਿੱਸੇ ਇਤਿਹਾਸ ਹਨ ਤਾਂ ਉਹ ਬਾਣੀ ਸ੍ਰੀ ਗੁਰੂ ਜੀ ਦੀ ਬਾਣੀ ਦੇ ਨਾਲ ਹੀ ਪਾਠ ਵਿਚ ਕਿਵੇਂ ਪੜ੍ਹੀ ਜਾ ਸਕੇਗੀ, ਅਗਰ ਇਹ ਕਹਿਆ ਜਾਵੇ ਕਿ ਪ੍ਰਹਿਲਾਦ ਆਦਕਾਂ ਦੇ ਇਤਿਹਾਸਾਂ ਦਾ ਨਾਂ, ਕਿਸੇ ਕਹਾਣੀਆਂ ਨਹੀਂ, ਪ੍ਰਸੰਗ ਹਨ ਤਾਂ ਕਿਸਾ ਕਹਾਣੀ ਕਿਸੇ ਬੁਰੇ ਆਚਰਨ ਦਾ ਨਾਮ ਨਹੀਂ ਕਿਉਂਕਿ:-ਹਰਿ ਕੀਆ ਕਥਾ ਕਹਾਣੀਆਂ ਗੁਰਿਮੀਤ ਸੁਣਾਈਆ। (ਤਿਲੰਗ ਮ: ੪) ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ। (ਰਾਮਕਲੀ ਦੀ ਵਾਰ ਮ: ੩) ਵਿਚ ਪ੍ਰਮਾਤਮਾਂ ਦੀਆਂ ਕਥਾ ਨੂੰ ਵੀ ਕਹਾਣੀਆਂ ਲਿਖਿਆ ਹੈ। ਬਾਬਣੀਆਂ ਕਹਾਣੀਆਂ ਕਰਨੀਆਂ ਸੁਪੁਤ੍ਰਾਂ ਵਾਸਤੇ ਲਿਖੀਆਂ ਹਨ, ਬਾਕੀ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ ਆਦਕ ਗ੍ਰੰਥਾਂ ਵਿਚ ਸਾਰੇ ਇਤਿਹਾਸ ਹੀ ਹਨ ਔਰ ਢਾਢੀ ਲੋਗ ਵੀ ਕਵੀ ਲੋਗਾਂ ਦੀਆਂ ਰਚੀਆਂ ਹੋਈਆਂ ਬਾਣੀਆਂ ਹੀ ਹਰ ਰੋਜ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਲ ਹੀ ਪੜ੍ਹਦੇ ਸੁਣਾਉਂਦੇ ਹਨ ਅਤੇ ਸੂਰਜ ਪ੍ਰਕਾਸ਼ ਆਦਕਾਂ ਦੀਆਂ ਕਥਾ ਵੀ ਗੁਰ-ਦੁਆਰਿਆਂ ਵਿਚ ਹੀ ਹੁੰਦੀਆਂ ਰਹਿੰਦੀਆਂ ਹਨ ਪਰੰਤੂ ਗੁਰੂ ਬਾਣੀ ਦੀ ਓਥੇ ਕੋਈ ਬਿਅਦਬੀ ਨਹੀਂ ਮੰਨੀ ਜਾਂਦੀ ਔਰ ਇਹ ਹਠ ਬਿਅਰਥ ਹੈ ਕਿ ਦਸਾਂ ਗੁਰੂ ਸਾਹਿਬਾਂ ਦੀ ਬਾਣੀ ਤੋਂ ਬਿਨਾ ਹੋਰ ਸਭ ਬਾਣੀ ਕਚੀ ਹੈ ਕਿਉਂਕਿ-'ਉਤਮ ਸਲੋਕ ਸਾਧ ਕੇ ਬਚਨ' ਸੁਖਮਨੀ ਸਾਹਿਬ ਜੀ-ਅਨਿਕ ਸਾਧਨੰ ਨ ਸਿਧ ਤੇ ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ' (ਸਹਸਕ੍ਰਿਤੀ ਮ. ੫) ਆਦਕ ਵਾਕਾਂ ਵਿਚ ਸੰਤਾਂ ਦੇ ਬਚਨਾਂ ਨੂੰ ਬੜੇ ਉਚੇ ਤੇ ਆਸਰਾ ਰੂਪ ਕਿਹਾ ਹੈ ਤਾਂ ਕਿਸੇ ਮਹਾਤਮਾਂ ਦੀ ਬਾਣੀ-ਬਚਨਾਂ ਨੂੰ ਗੁਰੂ ਬਾਣੀ ਦੀ ਤੁਲਤਾ ਨਾ ਦੇਣੀ, ਕਚੀ ਬਾਣੀ ਹੀ ਕਹੀ ਜਾਣਾ, ਉਪ੍ਰੋਕਤ ਸ੍ਰੀ ਮੁਖ ਵਾਕਾਂ ਦੀ ਵਿਰੋਧਤਾ ਹੀ ਕਰਨੀ ਹੈ, ਹੋਰ ਕੁਝ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੀਮ...ਜੇਹੜੇ ਅਸਲ ਸੰਤ ਸਨ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆ ਚੁਕੀ ਹੈ, ਬਾਕੀ ਕੋਈ ਹੋਰ ਅਸਲੀ ਸੰਤ ਨਹੀਂ ਹੋ ਸਕਦਾ ।

ਸੁਵਾਮੀ ਜੀ...ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਂ ਦੀ ਤੇ ਬਾਕੀ ਭਟਾਂ ਅਤੇ ਭਗਤਾਂ ਦੀ ਬਾਣੀ ਹੈ, ਵਿਚ ਸੰਤਾਂ ਦੀ ਬਾਣੀ ਕੇਹੜੀ ਹੈ ਜੇਹੜੀ ਆ ਚੁਕੀ ਹੈ ਅਗਰ ਭਟਾਂ ਤੇ ਭਗਤਾਂ ਨੂੰ ਹੀ ਸੰਤ ਮੰਨਿਆ ਜਾਵੇ ਤਾਂ ਉਨ੍ਹਾਂ ਦੀ ਬਾਣੀ ਉਤੇ ਸਿਰਲੇਖ ਭਗਤਾਂ ਦੀ ਬਾਣੀ ਲਿਖਿਆ ਹੋਇਆ ਨਹੀਂ ਸੀ ਹੋਣਾ ਚਾਹੀਦਾ ਔਰ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬ੍ਰਾਜਮਾਨ ਹੈ । ਓਹੋ ਸੰਤ ਸਨ ਹੋਰ ਕੋਈ ਨਹੀਂ ਹੋ ਸਕਦਾ ਇਹ ਭਾਵ ਅਸ਼ੁਧ ਹੈ. ਕਿਉਂਕਿ ਸੰਤ ਹਰ ਸਮੇਂ ਪ੍ਰਗਟ ਹੁੰਦੇ ਰਹਿੰਦੇ ਹਨ ਚਹੁੰ ਜੁਗਾਂ ਵਿਚ ਜੇਕਰ ਗੁਰੂ ਪ੍ਰਗਟ ਹੁੰਦੇ ਰਹਿੰਦੇ ਹਨ ਤਾਂ ਸੰਤਾਂ ਦੇ ਪ੍ਰਗਟ ਹੋਣ ਉਤੇ ਕਿਵੇਂ ਕੰਟਰੋਲ ਹੋ ਸਕਦਾ ਹੈ, ਬਾਕੀ-'ਚਰਨ ਸਾਧ ਕੇ ਧੋਇ ਧੋਇ ਪੀਉ ।' ਆਦਕ ਸ੍ਰੀ ਮੁਖਵਾਕ ਬਾਣੀ (ਸੁਖਮਨੀ ਸਾਹਿਬ ਜੀ) ਵਿਚ ਲਿਖਿਆ ਹੈ, ਜਦ ਸੰਤ ਹੁਣ ਵਰਤਮਾਨ ਸਮੇਂ ਵਿਚ ਹੈ ਹੀ ਕੋਈ ਨਹੀਂ ਮੰਨਿਆ ਜਾਵੇ ਤਾਂ ਇਸ ਉਪਦੇਸ਼ ਅਨੁਸਾਰ ਚਰਨ ਕੇਹੜੇ ਸੰਤਾਂ ਦੇ ਧੋ ਧੋ ਪੀਤੇ ਜਾ ਸਕਣਗੇ, ਜੇਕਰ ਨਹੀਂ ਪੀਣੇ ਤਾਂ ਇਹ ਉਪਦੇਸ਼ ਕਿਸ ਲਈ ਲਿਖਿਆ ਹੈ ਕਿਉਂਕਿ ਸ੍ਰੀ ਮੁਖਵਾਕ ਬਾਣੀ ਵਿਚ ਉਪਦੇਸ਼ ਕੋਈ ਵੀ ਬਿਅਰਥ ਨਹੀਂ ਮੰਨਿਆ ਜਾਣਾ ਚਾਹੀਦਾ ।

ਹਕੀਮ...ਅਸਾਂ ਇਕ ਪਕੇ ਵਿਦਵਾਨ ਕੋਲੋਂ ਸੁਣਿਆ ਸੀ ਕਿ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਉਨ੍ਹਾਂ ਸੰਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਬਾਣੀ ਹੀ ਉਨ੍ਹਾਂ ਦੇ ਚਰਨ ਹਨ ।

ਸੁਵਾਮੀ ਜੀ... ਉਨ੍ਹਾਂ ਮੰਤਾਂ ਦੀ ਬਾਣੀ (ਚਰਨਾਂ) ਨੂੰ ਧੋ ਕੇ ਪੀਣਾ ਉਪਦੇਸ਼ ਸਫਲ ਨਹੀਂ ਹੋ ਸਕੇਗਾ, ਕਿਉਂਕਿ ਬਾਣੀ ਧੋਤੀ ਨਹੀਂ ਜਾ ਸਕਦੀ ਬਾਣੀ ਦੇ ਮੰਕੇਤਕ ਅਖਰ ਸਿਆਹੀ ਹਨ ਉਨ੍ਹਾਂ ਵਿਚ ਬਾਣੀ ਪਕੜੀ ਹੋਈ ਰਹਿ ਨਹੀਂ ਸਕਦੀ ਫਿਰ ਧੋਕੇ ਕੀ ਪੀਣਾ ਹੋਵੇਗਾ ਅਤੇ ਜੇਕਰ ਬਾਣੀ ਨੂੰ ਚਰਨ ਮੰਨਾਂਗੇ ਤਾਂ ਬਾਕੀ ਹੋਰ ਹਥ ਮੂੰਹ ਆਦਕ ਅੰਗ ਕੀ ਕੀ ਮੰਨੇ ਜਾ ਸਕਣਗੇ ਔਰ ਸਲੋਕ (ਸਹਸਕ੍ਰਿਤੀ ਮ: ਪ) ਸ੍ਰੀ ਮੁਖ ਵਾਕ ਬਾਣੀ ਵਿਚ ਸੰਤਾਂ ਦੇ-ਖਟ ਲਖਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ-ਖਟ ਲਖਸ਼ਨ ਲਿਖੇ ਹਨ । ਜਿਨ੍ਹਾਂ ਵਿਚੋਂ ਪੰਚ ਦੋਖ ਬਿਵਰਜਿਤਹ ਪੰਜ ਦੋਸ਼ ਕਾਂਮ ਆਦਿਕਾਂ ਦਾ ਵੀ ਲਖਸ਼ਨ ਹੈ ਪੰਜਾਂ ਦੋਸ਼ਾਂ ਦਾ ਦਮਨ ਅੰਤਾ-ਕਰਨ ਵਿਚ ਹੀ ਹੋ ਸਕਦਾ ਹੈ ਕੇਵਲ ਕਿਸੇ ਬਾਣੀ ਮਾਤ੍ਰ ਵਿਚ ਨਹੀਂ ਘਟ ਸਕਦੇ. ਤਾਂ ਤੇ ਉਪ੍ਰੋਕਤ ਖਟ ਲਖਸ਼ਨ ਸੰਤਾਂ ਦੀ ਬਾਣੀ ਵਿਚ ਨਹੀਂ ਘਟ ਸਕਦੇ, ਇਸ ਲਈ ਸੰਤਾਂ ਦੀ ਬਾਣੀ ਹੀ ਸੰਤ ਜਾਂ ਸੰਤਾਂ ਦੇ ਚਰਨ ਨਹੀਂ ਹੋ ਸਕਦੀ । ਔਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਚਾ ਸੌਦਾ ਕਰਨਾ ਪ੍ਰਸੰਗ ਪ੍ਰਸਿਧ ਹੈ ਜਿਥੇ ਸਚਾ ਸੌਦਾ ਕੀਤਾ ਸੀ, ਉਥੇ ਸਚੇ ਸੌਦੇ ਨਾਮ ਉਤੇ ਗੁਰਦੁਵਾਰਾ ਵੀ ਕਾਇਮ ਸੀ ਉਹ ਸਚਾ ਸੌਦਾ ਇਹ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਥੇ ਸੰਤਾਂ ਨੂੰ ਰੋਟੀਆਂ ਖੁਵਾਈਆਂ ਸਨ, ਜੇ ਉਹ ਸੰਤ ਅਧੂਰੇ ਹੁੰਦੇ ਤਾਂ ਉਨਾਂ ਨੂੰ ਖੁਵਾਈਆਂ ਹੋਈਆਂ ਰੋਟੀਆਂ ਸਚਾ ਸੌਦਾ ਨਹੀਂ ਹੋ ਸਕਦਾ ਕਿਉਂਕਿ ਪਖੰਡੀ ਸੰਤਾਂ ਦੀ ਸੇਵਾ ਸਚੀ ਸੇਵਾ ਨਹੀਂ ਹੋ ਸਕੇਗੀ ਤਾਂਤੇ ਜੇਹੜੇ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਚੰਗੇ ਲਗੇ ਸਨ ਉਹ ਪੂਰਨ ਸੰਤ ਹੋਣਗੇ ਇਥੇਇਹ ਪ੍ਰਸ਼ਨ ਪੈਦਾ ਹੋਵੇਗਾ ਕਿ ਉਨ੍ਹਾਂ ਦੀ ਬਾਣੀਸ੍ਰੀਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ੍ਰੰਥ ਸਾਹਿਬ ਜੀ ਵਿਚ ਕੇਹੜੀ ਹੈ, ਜੇ ਕੋਈ ਨਹੀਂ ਤਾਂ ਇਹ ਨਿਯਮ ਕਿਵੇਂ ਹੋ ਸਕੇਗਾ ਕਿ ਜੇਹੜੇ ਪੂਰਨ ਸੰਤ ਸਨ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਆ ਚੁਕੀ ਹੈ ਬਲਕਿ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਇਥੋਂ ਤਕ ਲਿਖ ਰਹੇ ਹਨ ਕਿ-ਹੋਰਿ ਕੇਤੇ ਗਾਵਨਿ ਸੇ ਮੈਂ ਚਿਤਿ ਨ ਆਵਨਿ। (ਜਪੁਜੀ) ਤਾਂ ਜੇਹੜੇ ਪ੍ਰਮਾਤਮਾ ਨੂੰ ਗਾਉਣ-ਯਾਦ ਕਰਨ ਵਾਲੇ ਗੁਰੂ ਜੀ ਨੂੰ ਵੀ ਚੇਤੇ ਨਹੀਂ ਆ ਸਕਦੇ ਉਹਨਾਂ ਸੰਤਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆ ਚੁਕੀ ਹੈ ਕਿਵੇਂ ਮੰਨੀ ਜਾਵੇਗੀ ਔਰ ਉਨ੍ਹਾਂ ਸੰਤਾਂ ਭਗਤਾਂ ਦੀ ਬਾਣੀ (ਸਈ ਤੁਧਨੋ ਗਾਵਹਿ ਜੋ ਤੁਧ ਭਾਵਨਿ ਵਾਕ ਅਨੁਸਾਰ ਜੋ ਪ੍ਰਮਾਤਮਾਂ ਨੂੰ ਭਾਉਂਦੇਹਨ) ਗੁਰੂ ਬਾਣੀ ਦੇ ਤੁਲ ਕਿਵੇਂ ਨਹੀਂ ਹੋ ਸਕੇਗੀ ਔਰ-'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮਰਾਜੇ।' ਵਾਕ ਅਨੁਸਾਰ ਭਗਤ ਜੁਗ ਜੁਗ ਹੀ ਪੈਦਾ ਹੁੰਦੇ ਰਹਿੰਦੇ ਹਨ ਕਦੀ ਬੰਦ ਨਹੀਂ ਹੋ ਸਕਦੇ ਤਾਂ ਸੰਤ ਵੀ ਬੰਦ ਹੋ ਗਏ ਨਹੀਂ ਮੰਨੇ ਜਾ ਸਕਦੇ ਤਾਂਤੇ ਇਥੇ ਅਰਥ ਇਹੀ ਠੀਕ ਬੈਠਦਾ ਹੈ ਕਿ ਸਤਿਗੁਰੂ ਦੇ ਦਸੇ ਹੋਇ ਭਗਤੀ, ਵੈਰਾਗ, ਗਿਆਨ, ਸਤਸੰਗ, ਨੀਤੀ, ਆਦਕਾਂ ਤੋਂ ਬਿਨਾ ਜੋ ਵਿਸ਼ਿਆਂ ਵਿਕਾਰਾਂ, ਅਨੀਤੀ ਅਤੇ ਪਦਾਰਥਾਂ ਵਿਚ ਫਸਾਉਣ ਵਾਲੀ ਬਾਣੀ ਹੈ ਉਹ ਕਚੀ ਹੈ, ਉਸਦੇ ਕਹਿਣ ਸੁਣਨ ਵਾਲੇ ਭੀ ਕਚੇ ਹਨ ਤੇ ਕਚਿਆਂ ਨੇ ਹੀ ਆਖਕੇ ਵਖਾਣੀ ਹੈ ਕਿਉਂਕਿ ਉਹ ਪ੍ਰਮਾਰਥ ਦੇ ਗਾਹਕ ਨਹੀਂ ਇਸ ਤੋਂ ਅਗਲੀਆ ਤੁਕਾਂ ਵਿਚ ਹੀ ਲਿਖਿਆ ਹੈ ਕਿ-"ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ। ਚਿਤੁ ਜਿਨਕਾ ਹਿਰਿ ਲਇਆ ਮਾਇਆ ਬੋਲਨ ਪਏ ਰਵਾਣੀ।' ਭਾਵ ਇਹ ਕਿ ਉਤੋਂ ਚਾਹੇ ਉਹ ਜਬਾਨ ਨਾਲ ਨਿਤ ਹਰੀ ਹਰੀ ਵੀ ਪਏ ਕਰਨ ਪਰੰਤੂ ਆਪਣੇ ਕਹੇ ਹੋਇ, ਹਰਿ ਹਰਿ, ਦੇ ਅਰਥ ਨੂੰ ਕੁਛ ਵੀ ਨਹੀਂ ਜਾਣਦੇ, ਕਿਉਂਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ੍ਹਾਂ ਦਾ ਚਿਤ ਮਾਇਕੀ ਪਦਾਰਥਾਂ ਨੇ ਹਿਰ-ਚੁਰਾ ਲਿਆ ਹੈ ਉਹ ਰਵਾਨੀ-ਹਵਾ ਦੀ ਤਰੇਂ ਅਥਵਾ ਰਵਾਂ ਰਵਾਂ ਅਰਥ ਸਮਝੇ ਬਿਨਾਂ ਬਿਅਰਥ ਹੀ ਪਏ ਬੋਲਦੇ ਹਨ ਤਾਂਤੇ ਇਹੋ ਜਿਹੇ ਲੋਕ ਕਚੇ ਹਨ, ਜਿਨ੍ਹਾਂ ਵਿਚ ਸੰਤਾਂ ਭਗਤਾਂ ਦੇ ਵੈਰਾਗ ਆਦਕ ਲਖਸ਼ਨ ਘਟਦੇ ਹਨ ਉਹ ਕਚੇ ਨਹੀਂ ਤੇ ਉਨ੍ਹਾਂ ਦੀ ਬਾਣੀ ਵੀ ਕਚੀ ਨਹੀਂ ਹੋ ਸਕਦੀ, ਬਲਕਿ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸਿਖ ਮਤ ਵਿਚ ਗੁਰੂ ਬਾਣੀ ਦੀ ਕੁੰਜੀ ਵੀ ਕਿਹਾ ਜਾਂਦਾ ਹੈ ਉਸ ਭਾਈ ਗੁਰਦਾਸ ਜੀ ਦੀ ਵਾਰ ੨੭ ਵਿਚ ਲੇਲਾਂ ਮਜਨੂ ਆਸ਼ਕੀ ਚਹੁੰ ਚਕੀ ਜਾਤੀ। ਸੱਸੀ ਪੁਨੂ ਦੋਸਤੀ ਹੋਇ ਜਾਤ ਅਜਾਤੀ। ਮਹੀਵਾਲ ਨੋ ਸੋਹਣੀ ਨੈ ਤਰਦੀ ਰਾਤੀਂ। ਰਾਂਝਾ ਹੀਰ ਵਖਾਣੀਐ ਉਹ ਪਿਰਮ ਪਿਰਾਤੀ। ਆਦਕ ਲੇਲਾਂ ਮਜਨੂੰ, ਸੱਸੀ ਪੁੰਨੂੰ, ਰਾਂਝਾ ਹੀਰ, ਸੋਹਣੀ ਮਹੀਵਾਲ ਆਦਕਾਂ ਦੇ ਪ੍ਰਮਾਣ ਲਿਖੇਮਿਲਦੇ ਹਨ ਜੇਕਰ ਇਨਾਂ ਪ੍ਰਮਾਣਾਂ ਦੇ ਹੁੰਦਿਆਂ ਵੀ ਭਾਈ ਗੁਰਦਾਸ ਜੀ ਦੀ ਬਾਣੀ, ਗੁਰੂ ਬਾਣੀ ਦੀ ਕੁੰਜੀ ਹੋ ਸਕਦੀ ਹੈ ਤਾਂ ਕਿਆ ਕਾਰਨ, ਸ਼ਾਂਤੀ ਵੈਰਾਗ, ਗਿਆਨ ਭਗਤੀ, ਆਦਕਾਂ ਵਾਲੀ ਬਾਣੀ ਨੂੰ ਭਾਈ ਗੁਰਦਾਸ ਜੀ ਦੀ ਬਾਣੀ ਜਿੰਨਾਂ ਵੀ ਮਾਨ ਪ੍ਰਾਪਤ ਨਾ ਹੋਵੇ। ਜੇਕਰ ਇਹੀ ਹਠ ਕੀਤਾ ਜਾਵੇ ਕਿ ਗੁਰੂ ਸਾਹਿਬਾਂ ਦੀ ਬਾਣੀ ਤੋਂ ਬਿਨਾਂ ਹੋਰ ਸਭ ਬਾਣੀ ਕਚੀ ਹੀ ਹੈ, ਤਾਂ ਅਰਦਾਸੇ ਵੀ ਅਸੀਂ ਆਪਣੀ ਮਨੋਂ ਕਾਮਨਾ ਮੁਤਾਬਕ ਕਰਦੇ ਹਾਂ,ਉਹ ਗੁਰੂ ਸਾਹਿਬਾਂ ਦੀ ਉਚਰੀ ਹੋਈ ਬਾਣੀ ਨਹੀਂ ਹੁੰਦੀਅਤੇ ਗੁਰੂ ਬਾਣੀ ਦੀ ਕਥਾ ਵੀ, ਕਥਾ ਵਾਚਕ ਦੇ ਹੀ ਵਾਕ ਹੁੰਦੇ ਹਨ ਗੁਰੂ ਸਾਹਿਬਾਂ ਦੇ ਮੁਖਾਰ ਬਿੰਦ ਵਿਚੋਂ ਉਹ ਕਥਾ ਰੂਪ ਬਾਣੀ ਉਚਰੀ ਹੋਈ ਨਹੀਂ ਹੁੰਦੀ, ਤਾਂ ਤੇ ਅਰਦਾਸੇ, ਕਥਾ ਆਦਕਾਂ ਦੇ ਕੀ ਲਾਭ ਹੋਣਗੇ।

ਹਕੀਮ-ਜੇਕਰ ਕਿਸੇ ਹੋਰ ਸੰਤਾਂ ਭਗਤਾਂ ਦੀ ਬਾਣੀ ਨੂੰ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय, हरिद्वार
४६५
पुस्तकालय
गुरुकुल कांगड़ी विश्वविद्यालय, हरिद्वार
४४,४५८

पुस्तक वितरण की तिथि नीचे अङ्कित है इस तिथि सहित १५ वें दिन तक यह पुस्तक पुस्तकालय में वापिस आ जानी चाहिए। अन्यथा ५ नये पैसे प्रतिदिन के हिसाब से विलम्ब दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय, गुरुकुल कांगड़ी विश्वविद्यालय,
हरिद्वार ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਸਾਨੀਅਤ ਨਹੀਂ ਰਹਿ ਸਕੇਗੀ ਫਿਰ ਸਤਯ ਅਸਤਯ ਦੇ ਨਿਰਣਯ ਲਈ ਕਸਵਟੀ ਕਾਇਮ ਨਹੀਂ ਰਹਿ ਸਕੇਗੀ।

ਸੁਵਾਮੀ ਜੀ—ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਿਚ ਆਈ ਸ੍ਰੀ ਗੁਰੂ ਸਾਹਿਬਾਂ ਦੀ ਬਾਣੀ ਪ੍ਰਗਟ ਨਹੀਂ ਸੀ ਹੋਈ ਉਸ ਵਕਤ ਸਤਯ ਅਸਤਯ ਦੇ ਨਿਰਣੈ, ਕਿਸ ਕਸਵਟੀ ਦੇ ਆਧਾਰ ਉਤੇ ਕੀਤੇ ਜਾਂਦੇ ਸੀ, ਜਿਸ ਕਸਵਟੀ ਦੇ ਅਧਾਰ ਉਤੇ ਉਸ ਵਕਤ ਕੀਤੇ ਜਾਂਦੇ ਸੀ ਉਸੇ ਦੇ ਅਧਾਰ ਉਤੇ ਹੁਣ ਵੀ ਕੀਤੇ ਜਾ ਸਕਦੇ ਹਨ, ਬਾਕੀ ਤੁਲਤਾ ਦੇਣੀ ਹੀ ਜੇਕਰ ਹਾਨੀਕਾਰਕ ਹੈ ਤਾਂ ਇੰਜ ਜੇਹੜੇ ਅਗੇ ਜੁਗਾਂ ਵਿਚ 'ਗੁਰੂ' ਹੋ ਚੁਕੇ ਹਨ ਉਨਾਂ ਦੀ ਬਾਣੀ(ਵੇਦ ਸ਼ਾਸ਼ਤ੍ਰਾਂ) ਨਾਲ ਇਸ ਗੁਰਬਾਣੀ ਦੀ ਤੁਲਤਾ ਕਿਵੇਂ ਦਿਤੀ ਜਾ ਸਕੇਗੀ, ਕਿਉਂਕਿ ਤੁਲਤਾ ਦੇਣ ਨਾਲ ਜੇਕਰ ਲਾਸਾਨੀਅਤ ਨਹੀਂ ਕਾਇਮ ਰਹਿ ਸਕਦੀ ਤਾਂ ਉਨਾਂ ਹੋ ਚੁਕੇ ਗੁਰੂਆਂ ਦੀ ਬਾਣੀ ਦੀ ਲਾਸਾਨੀਅਤ ਵੀ ਨਹੀਂ ਕਾਇਮ ਰਹਿ ਸਕੇਗੀ, ਜੇਕਰ ਪਿਛੇ ਹੋ ਚੁਕੇ ਜੁਗਾਂ ਵਿਚ ਗੁਰੂਆਂ ਦੀ ਬਾਣੀ ਦੀ ਲਾਸਾਨੀਅਤ ਕਾਇਮ ਕਰਨੀ ਜਰੂਰੀ ਨਹੀਂ ਤਾਂ ਕਿਉਂ, ਕਿਆ ਉਹ ਗੁਰੂ ਨਹੀਂ ਹੋਏ, ਜਾਂ ਉਨਾਂ ਦੀ ਬਾਣੀ ਨਾਲ ਤਰਿਆ ਕੋਈ ਨਹੀਂ ਸੀ, ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਾਬਤ ਜ਼ਿਕਰ ਪਿਛੇ ਵੀ ਕਰ ਆਏ ਹਾਂ ਕਿ ਕਈ ਹਨ ਇਕੋ ਨਹੀਂ ਅਤੇ ਸ੍ਰੀ ਦਸਮੇਸ਼ ਜੀ ਦੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗੇ ਹੀ ਅਲਗ ਹੈ ਇਸ ਲਈ ਦਸਾਂ ਗੁਰੂ ਸਾਹਿਬਾਂ ਦੀ ਸਾਰੀ ਬਾਣੀ ਅਗੇ ਹੀ ਕਿਸੇ ਇਕੋ ਬੀੜ ਵਿਚ ਨਹੀਂ ਤਾਂਤੇ ਤੁਲਤਾ ਦੇਣ ਨਾਲ ਗੁਰੂ ਬਾਣੀ ਦੀ ਕੇੜ੍ਹੀ ਬੀੜ ਦੀ ਲਾਸਾਨੀਅਤ ਨਹੀ ਰਹਿ ਸਕੇਗੀ ਕਿਉਂਕਿ ਬੀੜਾਂ ਦੇ ਭੇਦ ਅਗੇ ਹੀ ਮੌਜੂਦ ਹਨ। —ਇਤੀ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय, गुरुकुल कांगड़ी विश्वविद्यालय,
हरिद्वार ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਜਿਲਾ ਹਿਸਾਰ
ਵਿਖੇ ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ
ਪ੍ਰਬੰਧ ਨਾਲ ਛਪਿਆ ਤੇ ਦਫਤਰ ਸਤਿਜੁਗ ਸ੍ਰੀ
ਜੀਵਨ ਨਗਰ (ਹਿਸਾਰ) ਵਿਚੋਂ ਪ੍ਰਕਾਸ਼ਤ
ਹੋਇਆ । [ਐਡੀਟਰ ਗੁਰਦਿਆਲ ਸਿੰਘ

CC-0. In Public Domain. Gurukul Kangri Collection, Haridwar